# ਪ੍ਰਾਸਪੈਕਟਸ
# PROSPECTUS
## 2026-27



# ਸਰਕਾਰੀ ਕਾਲਜ ਅਜਨਾਲਾ
# Government College Ajnala
NAAC Accredited

www.gcajnala.in

# Visits Seminars & Workshop



























# ਸੰਦੇਸ਼

ਪਿਆਰੇ ਵਿਧਿਆਰਥੀਓ

ਮੈਂ ਤੁਹਾਡਾ ਪੰਜਾਬ ਦੇ ਅੰਮ੍ਰਿਤਸਰ ਜ਼ਿਲੇ ਦੇ ਸਰਹੱਦੀ ਖੇਤਰ ਵਿੱਚ ਸਥਿਤ ਲੜਕੇ ਲੜਕੀਆਂ ਦੇ ਇਕਲੌਤੇ ਸਾਂਝੇ ਸਰਕਾਰੀ ਕਾਲਜ ਵਿੱਚ ਸਵਾਗਤ ਕਰਦੀ ਹਾਂ।ਇਹ ਮੇਰੇ ਲਈ ਵਿਸ਼ੇਸ਼ ਮਾਣ ਅਤੇ ਉਤਸ਼ਾਹ ਦੀ ਗੱਲ ਹੈ ਕਿ ਮੈਂ ਤੁਹਾਡੇ ਸਭ ਨਾਲ ਸੰਬੋਧਨ ਕਰ ਰਹੀ ਹਾਂ। ਅਸੀਂ 1974 ਤੋਂ ਲਗਾਤਾਰ ਸਿੱਖਣ, ਵਿਕਾਸ ਅਤੇ ਉਤਕ੍ਰਸ਼ਟਤਾ ਦੀ ਯਾਤਰਾ ਜਾਰੀ ਰੱਖ ਰਹੇ ਹਾਂ। ਸਾਡਾ ਕਾਲਜ ਸਿਰਫ਼ ਇੱਕ ਸਿੱਖਿਆ ਪ੍ਰਸਥਾਨ ਨਹੀਂ, ਬਲਕਿ ਇੱਕ ਸਮਾਜਿਕ ਸੰਸਥਾ ਵੀ ਹੈ, ਜਿੱਥੇ ਆਕਾਂਸ਼ਾਵਾਂ ਅਕਾਰ ਲੈਂਦੀਆਂ ਹਨ, ਗਿਆਨ ਨੂੰ ਨਿਖਾਰਿਆ ਜਾਂਦਾ ਹੈ ਅਤੇ ਕਾਮਯਾਬੀ ਦੀ ਨੀਂਹ ਰੱਖੀ ਜਾਂਦੀ ਹੈ।

ਸਾਡਾ ਕਾਲਜ ਵਿਦਿਆ ਅਤੇ ਸਭਿਆਚਾਰਕ ਧਰੋਹਰ ਦਾ ਇੱਕ ਅਹਿਮ ਕੇਂਦਰ ਰਿਹਾ ਹੈ, ਜਿਸ ਨੇ ਅਨੇਕਾਂ ਪ੍ਰਸਿੱਧ ਵਿਦਿਆਰਥੀਆਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਨੇ ਆਪਣੇ-ਆਪਣੇ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਜਿਵੇਂ ਅਸੀਂ ਅੱਗੇ ਵਧ ਰਹੇ ਹਾਂ, ਮੈਂ ਤੁਹਾਨੂੰ ਨਵੀਆਂ ਚੁਣੌਤੀਆਂ ਨੂੰ ਸਵੀਕਾਰ ਕਰਨ, ਨਵੀਨਤਾ ਨਾਲ ਸੋਚਣ, ਅਤੇ ਇਮਾਨਦਾਰੀ, ਅਨੁਸ਼ਾਸਨ ਅਤੇ ਸੰਘਰਸ਼ ਦੇ ਮੁੱਲਾਂ ਨੂੰ ਬਣਾਈ ਰੱਖਣ ਦੀ ਪ੍ਰੇਰਨਾ ਦਿੰਦੀ ਹਾਂ। ਆਓ, ਇਕੱਠੇ ਮਿਲ ਕੇ ਇੱਕ ਠੋਸ ਅਤੇ ਉਤਸ਼ਾਹਪੂਰਣ ਅਕਾਦਮਿਕ ਵਾਤਾਵਰਣ ਬਣਾਈਏ, ਜੋ ਚੌਮੁਖੀ ਵਿਕਾਸ ਨੂੰ ਉਤਸ਼ਾਹਿਤ ਕਰੇ।

ਮੈਂ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਦੀ ਹਾਂ ਕਿ ਉਹ ਉਪਲਬਧ ਮੌਕਿਆਂ ਦਾ ਪੂਰੀ ਤਰ੍ਹਾਂ ਲਾਭ ਲੈਣ—ਚਾਹੇ ਉਹ ਅਕਾਦਮਿਕਸ, ਐਕਸਟਰਾ ਕਰਿਕੁਲਰ ਗਤੀਵਿਧੀਆਂ ਜਾਂ ਨੇਤ੍ਰਿਤਵ ਭੂਮਿਕਾਵਾਂ ਹੋਣ। ਸਾਡੇ ਫੈਕਲਟੀ ਅਤੇ ਕਰਮਚਾਰੀਆਂ ਦੀ ਲਗਨ ਅਤੇ ਮਿਹਨਤ ਨਿਰੰਤਰ ਤਰੀਕੇ ਨਾਲ ਨਵੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੰਵਾਰ ਰਹੀ ਹੈ।

ਆਓ, ਮਿਲ-ਜੁਲ ਕੇ, ਸਮਰਪਣ ਅਤੇ ਸਫਲਤਾ ਲਈ ਸਾਂਝੀ ਦ੍ਰਿਸ਼ਟੀ ਰਾਹੀਂ, ਇਸ ਅਕਾਦਮਿਕ ਸਾਲ ਨੂੰ ਯਾਦਗਾਰ ਬਣਾਈਏ!

ਸ਼ੁਭਕਾਮਨਾਵਾਂ!

**(ਪਰਮਿੰਦਰ ਕੌਰ PES-I)**

ਪ੍ਰਿੰਸੀਪਲ




# ਵਿਸ਼ਾ ਸੂਚੀ


ਕਾਲਜ ਫੈਕਲਟੀ 3
ਕਾਲਜ ਬਾਰੇ ਮੁੱਢਲੀ ਜਾਣਕਾਰੀ 4
ਕਾਲਜ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ 5
ਕਾਲਜ ਦੇ ਪ੍ਰਮੁੱਖ ਉਦੇਸ਼ ਅਤੇ ਟੀਚੇ 5
ਕਾਲਜ ਵਿਚ ਕਾਰਜਸ਼ੀਲ ਕਲੱਬ/ਸੈੱਲ 6
ਆਨਲਾਈਨ ਦਾਖ਼ਲੇ ਸੰਬੰਧੀ 8
ਕਾਲਜ ਵਿਖੇ ਚੱਲ ਰਹੇ ਅਕਾਦਮਿਕ ਕੋਰਸ 8
ਦਾਖ਼ਲੇ ਸੰਬੰਧੀ ਨਿਯਮ ਅਤੇ ਹਦਾਇਤਾਂ 9
ਪ੍ਰਮੁੱਖ ਨਿਯਮ ਅਤੇ ਹਦਾਇਤਾਂ 11
ਛੁੱਟੀ ਲਈ ਨਿਯਮ 11
ਟਿਊਟੋਰੀਅਲ ਗਰੁੱਪ ਸੰਬੰਧੀ 11
ਲਾਇਬ੍ਰੇਰੀ ਅਤੇ ਸ਼ਨਾਖਤੀ ਕਾਰਡ 12
ਕਾਲਜ ਅਤੇ ਘਰੇਲੂ ਇਮਤਿਹਾਨ 13
ਵਜ਼ੀਫੇ ਸੰਬੰਧੀ 13
ਸਟੂਡੈਂਟ ਏਡ ਫੰਡ 14
ਵਿਦਿਆਰਥੀ ਸਭਾ 14
ਸਰੀਰਕ ਸਿੱਖਿਆ ਅਤੇ ਖੇਡਾਂ 14
ਸਾਲਾਨਾ ਇਨਾਮ ਵੰਡ ਸਮਾਗਮ 15
ਮਾਈਗ੍ਰੇਸ਼ਨ ਲਈ ਨਿਯਮ 15
ਅਨੁਸ਼ਾਸਨ ਸੰਬੰਧੀ 16
ਰਾਖ਼ਵੀਆਂ ਸੀਟਾਂ ਸੰਬੰਧੀ 16

# ਕਾਲਜ ਫੈਕਲਟੀ
# College Faculty

## ਸ੍ਰੀਮਤੀ ਪਰਮਿੰਦਰ ਕੌਰ (ਪ੍ਰਿੰਸੀਪਲ)

### ਪੰਜਾਬੀ ਵਿਭਾਗ
- ❖ ਪ੍ਰੋਫੈਸਰ ਡਾ. ਪ੍ਰੇਮ ਸਿੰਘ (M.A., M.Phil, Ph.D. UGC-NET/JRF)
- ❖ ਡਾ. ਸਤਨਾਮ ਕੌਰ** (M.A., M.Phil, Ph.D, UGC-NET)

### ਅੰਗਰੇਜ਼ੀ ਵਿਭਾਗ
- ❖ ਸ੍ਰੀ ਬਲਜੀਤ ਸਿੰਘ (M.A., UGC-NET/JRF )***
- ❖ ਸ਼੍ਰੀਮਤੀ ਰਮਿੰਦਰ ਕੌਰ** (M.A., M.Ed.)

### ਰਾਜਨੀਤੀ ਸ਼ਾਸਤਰ ਵਿਭਾਗ
- ❖ ਸ਼੍ਰੀਮਤੀ ਆਰਤੀ ਸ਼ਰਮਾ* (M.A., M.Phil.)

### ਸਰੀਰਿਕ ਸਿੱਖਿਆ ਵਿਭਾਗ
- ❖ ਡਾ. ਕਿਰਨ (M.P.Ed., Ph.D., UGC-NET)***
- ❖ ਸ੍ਰੀ ਜਸਵਿੰਦਰ ਸਿੰਘ* (M.A. (Phy.Edu.), M.Phil.)

### ਇਤਿਹਾਸ ਵਿਭਾਗ
- ❖ ਮਿਸ ਸ਼ਰਨਪ੍ਰੀਤ ਕੌਰ (M.A. History, UGC-NET)***

### ਅਰਥ ਸ਼ਾਸਤਰ ਵਿਭਾਗ
- ❖ ਸ਼੍ਰੀਮਤੀ ਦਿਵਿਆ (M.A. Economics, UGC-NET)***
- ❖ ਸ਼੍ਰੀਮਤੀ ਸੁਮਨਦੀਪ ਕੌਰ** (M.Sc. Eco. (Hons.) B.Ed.)

### ਹਿੰਦੀ ਵਿਭਾਗ
- ❖ ਡਾ. ਮਲਖਾਨ ਸਿੰਘ (M.A. Hindi., M.Phil., Ph.D., UGC-NET/JRF)***

### ਕੰਪਿਊਟਰ ਸਾਇੰਸ ਵਿਭਾਗ
- ❖ ਸ਼੍ਰੀ ਜਸਪ੍ਰੀਤ ਸਿੰਘ** (MCA)

### ਕਾਲਜ ਲਾਇਬ੍ਰੇਰੀ
- ❖ ਲਾਇਬ੍ਰੇਰੀਅਨ : ਮਿਸ ਸਤਬੀਰ ਕੌਰ (M.Com Hons., B.Lis, M.Lis UGC-NET)***
- ❖ ਰਿਸਟੋਰਰ : ਖਾਲੀ ਅਸਾਮੀ

### ਕਾਮਰਸ ਵਿਭਾਗ
- ❖ ਡਾ. ਪ੍ਰਿਆ ਲਛਮੀ** (M.Com. M.Phil. Ph.D, UGC-NET)
- ❖ ਸ਼੍ਰੀ ਗੁਨੀਤ ਸਿੰਘ** (M.Com. UGC-NET)
- ❖ ਖਾਲੀ ਅਸਾਮੀ

## ਪ੍ਰਬੰਧਕੀ ਅਮਲਾ
- ❖ ਸੁਪਰਡੈਂਟ (ਖਾਲੀ ਅਸਾਮੀ)
- ❖ ਸ੍ਰੀ ਸਿਮਰਨਜੀਤ ਸਿੰਘ (ਜੂਨੀਅਰ ਅਸਿਸਟੈਂਟ)
- ❖ ਖਾਲੀ ਅਸਾਮੀ (ਕਲਰਕ)
- ❖ ਸ਼੍ਰੀਮਤੀ ਸੁਖਬੀਰ ਕੌਰ (ਸਟੈਨੋ-ਟਾਇਪਿਸਟ)
- ❖ ਸ਼੍ਰੀ ਸੁਖਜਿੰਦਰ ਸਿੰਘ (ਕਲਰਕ)
- ❖ ਖਾਲੀ ਅਸਾਮੀ (ਕਲਰਕ)

* ਪਾਰਟ ਟਾਈਮ ਅਸਿਸਟੈਂਟ ਪ੍ਰੋਫੈਸਰ    ** ਗੈਸਟ ਫੈਕਲਟੀ ਅਸਿਸਟੈਂਟ ਪ੍ਰੋਫੈਸਰ    *** 1158 ਅਸਿਸਟੈਂਟ ਪ੍ਰੋਫੈਸਰ







# ਕਾਲਜ ਬਾਰੇ ਮੁੱਢਲੀ ਜਾਣਕਾਰੀ

ਪੰਜਾਬ ਦੇ ਇਤਿਹਾਸ ਵਿਚ ਅਜਨਾਲਾ ਤਹਿਸੀਲ ਦਾ ਵਿਸ਼ੇਸ਼ ਤੇ ਉੱਚਾ ਸਥਾਨ ਹੈ। ਇਸ ਇਲਾਕੇ ਨੂੰ ਬਾਬਾ ਬੁੱਢਾ ਜੀ ਵਰਗੇ ਗੁਰਸਿੱਖ, ਹਾਸ਼ਮ ਸ਼ਾਹ ਸੂਫ਼ੀ ਕਵੀ, ਰਾਣੀ ਸਦਾ ਕੌਰ ਵਰਗੇ ਸੂਰਬੀਰ, ਮਹਾਨ ਆਜ਼ਾਦੀ ਘੁਲਾਟੀਏ ਹੋਰ ਅਨੇਕਾਂ ਨੀਤੀਵਾਨਾਂ ਅਤੇ ਲੋਕ ਸੇਵਕ ਪੈਦਾ ਕਰਨ ਦਾ ਮਾਣ ਪ੍ਰਾਪਤ ਹੈ। ਪਾਕਿਸਤਾਨ ਨਾਲ ਹੋਈਆਂ 1965 ਅਤੇ 1971 ਦੀਆਂ ਜੰਗਾਂ ਵਿੱਚ ਇਸ ਇਲਾਕੇ ਦੇ ਲੋਕਾਂ ਨੇ ਦੇਸ਼ ਭਗਤੀ ਅਤੇ ਤਕੜੇ ਹੌਂਸਲੇ ਦਾ ਜੋ ਸਬੂਤ ਦਿੱਤਾ ਹੈ, ਉਹ ਆਪਣੀ ਮਿਸਾਲ ਆਪ ਹੈ। ਸਦੀਆਂ ਤੋਂ ਰਾਵੀ ਦਰਿਆ ਦੀ ਮਾਰ ਝੱਲਦਾ ਇਹ ਇਲਾਕਾ ਗਰੀਬੀ ਅਤੇ ਅਨਪੜ੍ਹਤਾ ਦਾ ਨਿਵਾਸ ਸਥਾਨ ਬਣ ਕੇ ਰਹਿ ਗਿਆ। ਪਾਕਿਸਤਾਨ ਦੀ ਅੰਤਰ-ਰਾਸ਼ਟਰੀ ਸਰਹੱਦ ਦੇ ਬਹੁਤ ਨੇੜੇ ਹੋਣ ਕਰਕੇ ਇਹ ਸਰਹੱਦੀ ਇਲਾਕਾ ਬਾਕੀ ਦੇ ਪੰਜਾਬ ਦੇ ਮੁਕਾਬਲੇ ਵਿੱਚ ਬਹੁਤ ਪੱਛੜ ਗਿਆ ਸੀ। ਪੰਜਾਬ ਸਰਕਾਰ ਨੇ ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਅਜਨਾਲਾ ਦੀਆਂ ਵਿਦਿਅਕ ਲੋੜਾਂ ਨੂੰ ਮੁੱਖ ਰੱਖ ਕੇ ਜੁਲਾਈ 1974 ਵਿਚ ਇਹ ਸਰਕਾਰੀ ਕਾਲਜ ਖੋਲ੍ਹ ਕੇ ਸਸਤੀ ਤੇ ਮਿਆਰੀ ਸਿੱਖਿਆ ਲੋਕਾਂ ਤਕ ਪਹੁੰਚਾਉਣ ਦਾ ਫ਼ੈਸਲਾ ਕੀਤਾ। ਇਹ ਲੜਕੇ ਅਤੇ ਲੜਕੀਆਂ ਦੀ ਸਾਂਝੀ ਵਿਦਿਆ ਦਾ ਕਾਲਜ ਹੈ ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨਾਲ ਸਬੰਧਿਤ ਹੈ। ਮਈ 2024 ਤੋਂ ਇਸ ਕਾਲਜ ਨੂੰ ਨੈਕ ਮੁਲਾਂਕਣ ਉਪਰੰਤ 'ਬੀ' ਗਰੇਡ ਪ੍ਰਾਪਤ ਹੈ।



## ਕਾਲਜ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

- ❖ ਅਜਨਾਲਾ ਤਹਿਸੀਲ ਵਿਚ ਲੜਕੇ-ਲੜਕੀਆਂ ਦਾ ਇੱਕੋ-ਇੱਕ ਸਰਕਾਰੀ ਕਾਲਜ।
- ❖ 35 ਏਕੜ ਦਾ ਵਿਸ਼ਾਲ ਕੈਂਪਸ ਅਤੇ ਦੋ ਹਜ਼ਾਰ ਤੋਂ ਵੱਧ ਦਰੱਖਤਾਂ ਨਾਲ ਹਰਿਆ ਭਰਿਆ ਸੁਹਾਵਣਾ ਵਾਤਾਵਰਨ।
- ❖ ਬਹੁਤ ਖੂਬਸੂਰਤ ਅਤੇ ਵਿਸ਼ਾਲ ਬਿਲਡਿੰਗ।
- ❖ ਵਿਦਿਆਰਥੀਆਂ ਦੀ ਸ਼ਖ਼ਸੀਅਤ ਦਾ ਸਰਵਪੱਖੀ ਵਿਕਾਸ।
- ❖ ਗਿਆਨ ਪੂਰਤੀ ਲਈ ਆਧੁਨਿਕ ਲਾਇਬ੍ਰੇਰੀ।
- ❖ ਵਿਸ਼ਾਲ ਖੇਡ ਮੈਦਾਨ ਅਤੇ ਸਟੇਡੀਅਮ।
- ❖ ਵਧੀਆ ਅਤੇ ਵਿਸ਼ਾਲ ਆਡੀਟੋਰੀਅਮ।
- ❖ ਹੋਰਨਾਂ ਪ੍ਰਾਈਵੇਟ ਕਾਲਜਾਂ ਦੇ ਮੁਕਾਬਲੇ ਬਹੁਤ ਘੱਟ ਫੀਸ।
- ❖ ਯੋਗ General ਅਤੇ BC ਵਿਦਿਆਰਥੀਆਂ ਲਈ ਵਜ਼ੀਫ਼ੇ।
- ❖ ਲੜਕੀਆਂ ਲਈ ਸਵੈ-ਸੁਰੱਖਿਆ ਸਿਖਲਾਈ ਦਾ ਪ੍ਰਬੰਧ।
- ❖ ਪੰਜਾਬ ਫਿਨਿਸ਼ਿੰਗ ਸਕੂਲ।
- ❖ ਵੱਖ-ਵੱਖ ਸਭਿਆਚਾਰਕ, ਸਮਾਜ ਸੇਵੀ ਅਤੇ ਸਪੋਰਟਸ ਗਤੀਵਿਧੀਆਂ।
- ❖ ਉੱਚ-ਸਿੱਖਿਅਤ ਅਤੇ ਤਜ਼ਰਬੇਕਾਰ ਫ਼ੈਕਲਟੀ
- ❖ ਕੌਮੀ ਸੇਵਾ ਯੋਜਟਾ **(NSS)** ਦਾ ਇੱਕ ਯੂਨਿਟ।
- ❖ ਕਾਨਫਰੰਸ ਹਾਲ।
- ❖ ਜੂਡੋ ਅਤੇ ਕੁਸ਼ਤੀ ਦੀ ਉੱਚ-ਪੱਧਰੀ ਸਿਖਲਾਈ ਦਾ ਪ੍ਰਬੰਧ।
- ❖ ਜਨਰੇਟਰ ਅਤੇ ਆਰ. ਓ. ਵਾਲੇ ਵਾਟਰ ਕੂਲਰਾਂ ਦਾ ਪ੍ਰਬੰਧ।
- ❖ ਯੋਗ SC/ST ਵਿਦਿਆਰਥੀਆਂ ਲਈ ਮੁਫ਼ਤ ਪੜ੍ਹਾਈ।
- ❖ ਯੁਵਕ ਭਲਾਈ ਕਲੱਬ।
- ❖ ਰੈੱਡ ਕਰਾਸ ਵਿਚੋਂ ਮੁਫ਼ਤ ਦਵਾਈਆਂ ਦਾ ਪ੍ਰਬੰਧ।

## ਕਾਲਜ ਦੇ ਪ੍ਰਮੁੱਖ ਉਦੇਸ਼ ਅਤੇ ਟੀਚੇ

- ❖ ਪੇਂਡੂ ਅਰਧ-ਸ਼ਹਿਰੀ ਅਤੇ ਸਰਹੱਦੀ ਇਲਾਕੇ ਦੇ ਲੋਕਾਂ ਵਿਚ ਗਿਆਨ ਦਾ ਪਸਾਰ ਕਰਨਾ।
- ❖ ਵਿਦਿਆਰਥੀਆਂ ਨੂੰ ਭਵਿੱਖ ਵਿਚ ਰੁਜ਼ਗਾਰ ਦੇ ਅਵਸਰਾਂ ਅਤੇ ਸਵੈ-ਰੁਜ਼ਗਾਰ ਲਈ ਤਿਆਰ ਕਰਨਾ।
- ❖ ਨੌਜਵਾਨ ਵਰਗ ਨੂੰ ਸਮਾਜ ਸੇਵਾ ਦੇ ਕੰਮਾਂ ਵਿਚ ਜੁਟਾਉਣਾ ਅਤੇ ਵਾਤਾਵਰਣ ਦੀ ਸੁਰੱਖਿਆ/ਸੰਭਾਲ ਦੀ ਭਾਵਨਾ ਪੈਦਾ ਕਰਨਾ ਲੜਕੀਆਂ ਨੂੰ ਜਾਗਰੂਕ ਕਰਕੇ ਮਹਿਲਾ ਸਸ਼ਕਤੀਕਰਨ ਕਰਨਾ।
- ❖ ਵਿਦਿਆਰਥੀਆ ਨੂੰ ਉੱਚ ਸਿੱਖਿਆ ਪ੍ਰਦਾਨ ਕਰਕੇ ਉਨ੍ਹਾਂ ਦਾ ਭਵਿੱਖ ਰੁਸ਼ਨਾਉਣਾ ਅਤੇ ਉਨ੍ਹਾਂ ਨੂੰ 21ਵੀਂ ਸਦੀ ਦੇ ਹਾਣੀ ਬਣਾਉਣਾ।
- ❖ ਵਿਦਿਆਰਥੀਆਂ ਵਿੱਚ ਸਭ ਧਰਮਾਂ ਅਤੇ ਜਾਤੀਆਂ ਪ੍ਰਤੀ ਸਦਭਾਵਨਾ ਪ੍ਰਫੁੱਲਤ ਕਰਨਾ।
- ❖ ਵਿਦਿਆਰਥੀਆਂ ਨੂੰ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਪ੍ਰਫੁੱਲਤ ਕਰਨ ਵਾਲੇ, ਸੰਵਿਧਾਨ ਦੀ ਪਾਲਣਾ ਕਰਨ ਵਾਲੇ ਅਤੇ ਆਪਣੇ ਮੌਲਿਕ ਹੱਕਾਂ ਦੇ ਨਾਲ-ਨਾਲ ਮੌਲਿਕ ਫ਼ਰਜ਼ਾਂ ਪ੍ਰਤੀ ਚੇਤੰਨ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣਾ।
- ❖ ਵਿਦਿਆਰਥੀਆਂ ਨੂੰ ਭਾਰਤ ਦੇ ਗੌਰਵਮਈ ਵਿਰਸੇ ਅਤੇ ਸਿਹਤਮੰਦ ਪਰੰਪਰਾਵਾਂ ਦੀ ਮਹੱਤਤਾ ਤੋਂ ਜਾਗਰੂਕ ਕਰਵਾਉਣਾ ਅਤੇ ਉੱਚ ਆਦਰਸ਼ਾਂ, ਨੈਤਿਕ ਅਸੂਲਾਂ ਅਤੇ ਕਦਰਾਂ-ਕੀਮਤਾਂ ਦੇ ਧਾਰਨੀ ਬਣਾਉਣਾ।
- ❖ ਵਿਦਿਆਰਥੀਆਂ ਨੂੰ ਵਿਗਿਆਨਕ ਅਤੇ ਮਾਨਵਵਾਦੀ ਦ੍ਰਿਸ਼ਟੀਕੋਣ ਦੇ ਧਾਰਨੀ ਬਣਾਉਣਾ ਅਤੇ ਉਨ੍ਹਾ ਵਿੱਚ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਸਮੂਹਿਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਿੱਤਾਂ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਾ।

# ਕਾਲਜ ਵਿੱਚ ਕਾਰਜਸ਼ੀਲ ਕਲੱਬ/ਸੈੱਲ



## ਰੈੱਡ ਕਰਾਸ

ਕਾਲਜ ਵਿੱਚ ਰੈੱਡ ਕਰਾਸ ਸੁਸਾਇਟੀ ਦਾ ਇੱਕ ਯੂਨਿਟ ਚੱਲ ਰਿਹਾ ਹੈ। ਇਸ ਵਿੱਚੋਂ ਅਚਾਨਕ ਲੋੜ ਪੈਣ 'ਤੇ ਬੀਮਾਰ ਵਿਦਿਆਰਥੀਆਂ ਨੂੰ ਮੁਫ਼ਤ ਦਵਾਈ ਦਿੱਤੀ ਜਾਂਦੀ ਹੈ। ਫਸਟ-ਏਡ ਦਾ ਵੀ ਪ੍ਰਬੰਧ ਹੈ। ਇਸ ਯੂਨਿਟ ਵੱਲੋਂ ਵਿਦਿਆਰਥੀਆਂ ਨੂੰ ਸਿਹਤ ਨਾਲ ਸੰਬੰਧਿਤ ਸਮੱਸਿਆਵਾਂ ਸੰਬੰਧੀ ਜਾਗਰੂਕ ਕਰਨ ਲਈ ਸਮੇਂ-ਸਮੇਂ 'ਤੇ ਮਾਹਿਰ ਡਾਕਟਰਾਂ ਦੇ ਭਾਸ਼ਣਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਨਸ਼ਿਆਂ ਦੀ ਲਾਹਨਤ ਵਿਰੁੱਧ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਵੀ ਕਰਵਾਇਆ ਜਾਂਦਾ ਹੈ।




## ਕੰਧ ਪੱਤ੍ਰਿਕਾ 'ਵਡਹੰਸ' (Wall Magazine)

ਅਕਾਦਮਿਕ, ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਨੂੰ ਪ੍ਰਦਰਸ਼ਿਤ ਕਰਨ ਲਈ ਕਾਲਜ ਵਿਖੇ ਕੰਧ ਪੱਤ੍ਰਿਕਾ 'ਵਡਹੰਸ' ਆਰੰਭ ਕੀਤੀ ਗਈ ਹੈ। ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਸ਼ੁਰੂ ਕੀਤਾ ਗਿਆ ਇਹ ਮੈਗਜ਼ੀਨ ਵਿਦਿਆਰਥੀਆਂ ਦੀ ਲੇਖਣ ਪ੍ਰਤਿਭਾ ਨੂੰ ਨਿਖਾਰਨ ਦਾ ਕੰਮ ਕਰਦਾ ਹੈ।

## ਕੌਮੀ ਸੇਵਾ ਯੋਜਨਾ (ਐੱਨ.ਐੱਸ.ਐੱਸ.)

ਕਾਲਜ ਵਿੱਚ ਨੈਸ਼ਨਲ ਸਰਵਿਸ ਸਕੀਮ (ਐੱਨ.ਐੱਸ.ਐੱਸ.) ਦੇ 100 ਵਲੰਟਰੀਆਂ ਦਾ ਇੱਕ ਯੂਨਿਟ ਚੱਲ ਰਿਹਾ ਹੈ। ਐੱਨ. ਐੱਸ. ਐੱਸ. ਵਿੱਚ ਸ਼ਾਮਲ ਹੋਣ ਵਾਲੇ ਵਲੰਟੀਅਰ ਨੂੰ ਸਾਲਾਨਾ ਛੇ ਇੱਕ-ਰੋਜ਼ਾ ਅਤੇ ਦੋ ਸੱਤ-ਰੋਜ਼ਾ ਸਪੈਸ਼ਲ ਕੈਂਪ ਲਾਉਣ ਉਪਰੰਤ ਦੋ ਸਾਲਾ 'ਬੀ' ਸਰਟੀਫਿਕੇਟ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਤਿੰਨ ਸੱਤ-ਰੋਜ਼ਾ ਸਪੈਸ਼ਲ ਕੈਂਪ ਲਾਉਣ ਉਪਰੰਤ ਤਿੰਨ ਸਾਲਾ 'ਸੀ' ਸਰਟੀਫ਼ਿਕੇਟ ਪ੍ਰਦਾਨ ਕੀਤਾ ਜਾਂਦਾ ਹੈ। ਵੱਧ ਤੋਂ ਵੱਧ ਐੱਨ.ਐੱਸ.ਐੱਸ. ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਅਤੇ ਕੈਂਪਾਂ ਵਿੱਚ ਚੰਗੀ ਕਾਰਗੁਜ਼ਾਰੀ ਵਿਖਾਉਣ ਵਾਲੇ ਵਲੰਟੀਅਰ ਨੂੰ ਸਰਟੀਫ਼ਿਕੇਟ ਵੀ ਪ੍ਰਦਾਨ ਕੀਤੇ ਜਾਂਦੇ ਹਨ। ਇਨ੍ਹਾਂ ਸਰਟੀਫ਼ਿਕੇਟ ਦੇ ਵੱਖ-ਵੱਖ ਦਾਖ਼ਲਿਆਂ ਵਿੱਚ ਅਤੇ ਨੌਕਰੀਆਂ ਪ੍ਰਾਪਤ ਕਰਨ ਲਈ ਵਾਧੂ ਅੰਕ ਮਿਲਦੇ ਹਨ।



## ਮਾਪੇ ਅਧਿਆਪਕ ਸਭਾ (ਪੀ.ਟੀ.ਏ.)

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਤੇ ਅਧਿਆਪਕਾਂ ਦੇ ਮੇਲ-ਜੋਲ ਲਈ ਇੱਕ ਮਾਪੇ ਅਧਿਆਪਕ ਸਭਾ ਬਣਾਈ ਗਈ ਹੈ। ਇਸ ਸਭਾ ਦਾ ਮੁੱਖ ਉਦੇਸ਼ ਕਾਲਜ ਦੀ ਬਿਹਤਰੀ ਲਈ ਕੰਮ ਕਰਨਾ ਅਤੇ ਵਿਦਿਆਰਥੀਆਂ ਦੀ ਭਲਾਈ ਲਈ ਵੱਧ ਤੋਂ ਵੱਧ ਵਿੱਦਿਅਕ ਅਤੇ ਹੋਰ ਸਹੂਲਤਾਂ ਉਪਲੱਬਧ ਕਰਵਾਉਣਾ ਹੈ। ਮਾਪਿਆਂ ਅਤੇ ਅਧਿਆਪਕਾਂ ਵਿਚੋਂ ਇਕ ਕਾਰਜਕਾਰੀ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ। ਕਾਲਜ ਪ੍ਰਿੰਸੀਪਲ ਇਸ ਸਭਾ ਦੇ ਪੈਟਰਨ/ਪ੍ਰਧਾਨ ਹੁੰਦੇ ਹਨ।



## ਯੁਵਕ ਭਲਾਈ ਵਿਭਾਗ

ਕਾਲਜ ਦੇ ਨਵੇਂ ਵਿਦਿਆਰਥੀਆਂ ਲਈ ਪ੍ਰਤਿਭਾ-ਖੋਜ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਕਾਲਜ ਦੇ ਵਿਦਿਆਰਥੀਆਂ ਲਈ ਆਯੋਜਿਤ ਕੀਤੇ ਜਾਂਦੇ ਕਾਵਿ-ਉਚਾਰਣ, ਲੋਕ ਗੀਤ, ਭਾਸ਼ਣ ਮੁਕਾਬਲੇ, ਗਿੱਧਾ, ਭੰਗੜਾ, ਰੰਗੋਲੀ, ਪੋਸਟਰ ਮੇਕਿੰਗ ਆਦਿ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ ਨੂੰ ਸਾਲਾਨਾ ਇਨਾਮ ਵੰਡ ਸਮਾਗਮ ਸਮੇਂ ਯੋਗ ਇਨਾਮ ਦਿੱਤੇ ਜਾਂਦੇ ਹਨ। ਇਨ੍ਹਾਂ ਵਿਦਿਆਰਥੀਆਂ ਵਿਚੋਂ ਬਾਅਦ ਵਿਚ ਪੂਰੀ ਤਰ੍ਹਾਂ ਅਭਿਆਸ ਕਰਵਾ ਕੇ ਯੂਨੀਵਰਸਿਟੀ ਦੇ ਜ਼ੋਨਲ ਯੂਥ-ਫੈਸਟੀਵਲ ਅਤੇ ਦੂਸਰੇ ਕਾਲਜਾਂ ਦੁਆਰਾ ਆਯੋਜਿਤ ਮੁਕਾਬਲਿਆਂ 'ਚ ਭੇਜਿਆ ਜਾਂਦਾ ਹੈ। ਤਹਿਸੀਲ ਪੱਧਰ 'ਤੇ ਮਨਾਏ ਜਾਣ ਵਾਲੇ ਆਜ਼ਾਦੀ-ਦਿਵਸ ਅਤੇ ਗਣਤੰਤਰਤਾ ਦਿਵਸ ਦੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਕਾਲਜ ਦੀ ਟੀਮ ਭੇਜੀ ਜਾਂਦੀ ਹੈ।

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ (HEIS)

ਕਾਲਜ ਵਿਖੇ ਇਕ HEIS ਦਾ ਗਠਨ ਕੀਤਾ ਗਿਆ ਹੈ ਜਿਸ ਰਾਹੀਂ ਸਵੈ-ਵਿੱਤੀ ਕੋਰਸਾਂ ਜਿਵੇਂ BCA ਅਤੇ PGDCA ਦਾ ਸੁਚਾਰੂ ਰੂਪ ਵਿੱਚ ਸੰਚਾਲਨ ਕੀਤਾ ਜਾਂਦਾ ਹੈ। ਇਸ ਰਾਹੀਂ ਸੰਬੰਧਤ ਵਿਦਿਆਰਥੀਆਂ ਲਈ ਅਧਿਆਪਕਾਂ ਅਤੇ ਸਾਜੋ-ਸਮਾਨ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ।

## ਪੁਰਾਣੇ ਵਿਦਿਆਰਥੀਆਂ ਦੀ ਸਭਾ

ਕਾਲਜ ਵਿਖੇ ਇਕ ਪੁਰਾਣੇ ਵਿਦਿਆਰਥੀਆਂ ਦੀ ਸਭਾ (Alumni Association) ਦਾ ਗਠਨ ਕੀਤਾ ਗਿਆ ਹੈ। ਇਸ ਰਾਹੀਂ ਕਾਲਜ ਵਿਚ ਆਪਣੀ ਵਿਦਿਆ ਮੁਕੰਮਲ ਕਰਕੇ ਗਏ ਪੁਰਾਣੇ ਵਿਦਿਆਰਥੀਆਂ ਨੂੰ ਕਾਲਜ ਨਾਲ ਜੁੜੇ ਰਹਿਣ ਦਾ ਅਵਸਰ ਪ੍ਰਦਾਨ ਕੀਤਾ ਜਾਂਦਾ ਹੈ। ਕਾਲਜ ਦੀ ਬਿਹਤਰੀ ਅਤੇ ਵਿਦਿਆਰਥੀ ਭਲਾਈ ਲਈ ਇਸ ਸਭਾ ਦਾ ਯੋਗਦਾਨ ਹਾਸਲ ਕੀਤਾ ਜਾਂਦਾ ਹੈ।

## ਕਾਲਜ ਮੈਗਜ਼ੀਨ 'ਸੰਵੇਦਨਾ'

ਵਿਦਿਆਰਥੀਆਂ ਵਿੱਚ ਰਚਨਾਤਮਕ ਰੁਚੀਆਂ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ 'ਸੰਵੇਦਨਾ' ਨਾਮ ਹੇਠ ਮੈਗਜ਼ੀਨ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਜਿਸ ਦੇ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਦੁਆਰਾ ਵੱਖ-ਵੱਖ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ।

## ਵੂਮੈਨ ਅਤੇ ਜਾਤੀ ਵਿਤਕਰਾ ਸ਼ਿਕਾਇਤ ਨਿਵਾਰਣ ਸੈੱਲ

ਕਾਲਜ ਵਿਖੇ ਲੜਕੀਆਂ ਦੀ ਭਲਾਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਯੋਗ ਨਿਪਟਾਰੇ ਲਈ ਇੱਕ ਵੂਮੈਨ ਅਤੇ ਜਾਤੀ ਵਿਤਕਰਾ ਸ਼ਿਕਾਇਤ ਨਿਵਾਰਣ ਸੈੱਲ ਦਾ ਗਠਨ ਕੀਤਾ ਗਿਆ ਹੈ। ਇਸ ਰਾਹੀਂ ਮਹਿਲਾ ਸਸ਼ਕਤੀਕਰਨ ਨੂੰ ਪ੍ਰਭਾਵੀ ਬਣਾਉਣ ਲਈ ਸੈਮੀਨਾਰ ਆਦਿ ਕਰਵਾਏ ਜਾਂਦੇ ਹਨ।

## ਰੈੱਡ ਰਿਬਨ ਕਲੱਬ

ਕਾਲਜ ਵਿਖੇ ਵਿਦਿਆਰਥੀਆਂ ਨੂੰ ਏਡਜ਼ ਅਤੇ ਨਸ਼ਿਆਂ ਸੰਬੰਧੀ ਜਾਗਰੂਕ ਕਰਨ ਲਈ ਇਕ ਵਿਸ਼ੇਸ਼ ਸੈੱਲ ਦਾ ਗਠਨ ਕੀਤਾ ਗਿਆ ਹੈ ਜਿਸ ਦੁਆਰਾ ਸਮੇਂ-ਸਮੇਂ 'ਤੇ ਵਿਦਿਆਰਥੀਆਂ ਦੀ ਜਾਣਕਾਰੀ ਲਈ ਸੈਮੀਨਾਰ ਕਰਵਾਏ ਜਾਂਦੇ ਹਨ।

## ਵਿੱਦਿਅਕ ਅਤੇ ਕਿੱਤਾ ਅਗਵਾਈ

ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ, ਝੁਕਾਅ ਤੇ ਕਾਬਲੀਅਤ ਅਨੁਸਾਰ ਕਿੱਤੇ ਅਤੇ ਉਚੇਰੀ ਸਿੱਖਿਆ ਦੇ ਕੋਰਸਾਂ ਦੀ ਚੋਣ ਕਰਨ ਵਿੱਚ ਯੋਗ ਅਗਵਾਈ ਦਿੱਤੀ ਜਾਂਦੀ ਹੈ। ਕਾਲਜ ਵੱਲੋਂ ਸਮੇਂ-ਸਮੇਂ 'ਤੇ ਕਿੱਤਾ ਅਗਵਾਈ ਅਤੇ ਕੌਂਸਲਿੰਗ ਸੰਬੰਧੀ ਸੈਮੀਨਾਰਾਂ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਵਿਦਿਆਰਥੀਆਂ ਨੂੰ ਲੋੜੀਂਦੀ ਅਗਵਾਈ ਦਿੱਤੀ ਜਾਂਦੀ ਹੈ।

## ਵਾਤਾਵਰਨ ਕਲੱਬ



ਕਾਲਜ ਵਿਖੇ ਵਿਦਿਆਰਥੀਆਂ ਦੀ ਜਾਗਰੂਕਤਾ ਲਈ ਵਾਤਾਵਰਨ ਕਲੱਬ ਦਾ ਗਠਨ ਕੀਤਾ ਗਿਆ ਹੈ ਜਿਸ ਰਾਹੀਂ ਦਰਪੇਸ਼ ਸਮੱਸਿਆਵਾਂ ਤੇ ਵਿਚਾਰ ਚਰਚਾ ਕੀਤੀ ਜਾਂਦੀ ਹੈ ਅਤੇ ਵਾਤਾਵਰਨ ਦੀ ਸੰਭਾਲ ਲਈ ਵਿਦਿਆਰਥੀਆਂ ਦੁਆਰਾ ਸਾਂਝੇ ਉਪਰਾਲੇ ਕੀਤੇ ਜਾਂਦੇ ਹਨ।

## ਰੈਗਿੰਗ ਸੰਬੰਧੀ ਵਿਸ਼ੇਸ਼ ਨੋਟ

ਸਰਕਾਰ ਤੋਂ ਪ੍ਰਾਪਤ ਹਦਾਇਤਾਂ ਅਨੁਸਾਰ ਵਿੱਦਿਅਕ ਸੰਸਥਾਵਾਂ ਵਿੱਚ ਕਿਸੇ ਵੀ ਕਿਸਮ ਦੀ ਰੈਗਿੰਗ (ਜਾਣ-ਪਛਾਣ ਕਰਨ ਦੀ ਆੜ ਵਿੱਚ ਜੂਨੀਅਰ ਵਿਦਿਆਰਥੀਆਂ ਨੂੰ ਕਿਸੇ ਵੀ ਕਿਸਮ ਦੀ ਸਰੀਰਕ ਜਾਂ ਮਾਨਸਿਕ ਪ੍ਰੇਸ਼ਾਨੀ) ਕਰਨ ਦੀ ਸਖ਼ਤ ਮਨਾਹੀ ਹੈ ਕਿਉਂਕਿ ਇਸ ਨੂੰ ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਦੁਆਰਾ ਕਾਨੂੰਨੀ ਜ਼ੁਰਮ ਕਰਾਰ ਦਿੱਤਾ ਗਿਆ ਹੈ ਜਿਸ ਤਹਿਤ ਦੋਸ਼ੀ ਪਾਏ ਜਾਣ ਵਾਲੇ ਵਿਦਿਆਰਥੀਆਂ ਨੂੰ ਕਨੂੰਨੀ ਤੌਰ 'ਤੇ ਸਖ਼ਤ ਸਜ਼ਾ ਦੇਣ ਦੀ ਵਿਵਸਥਾ ਕੀਤੀ ਗਈ ਹੈ। ਇਸ ਦੀ ਮੁਕੰਮਲ ਰੋਕਥਾਮ ਲਈ ਕਾਲਜ ਵਿਖੇ ਇਕ 'ਐਂਟੀ ਰੈਗਿੰਗ ਸਕੁਐਡ' ਵੀ ਗਠਿਤ ਕੀਤਾ ਗਿਆ ਹੈ।

## SES REC (Social Entrepreneurship, Swacchta & Rural Engagement Cell )

ਕਾਲਜ ਦੇ ਵਿਚ ਨਵੰਬਰ 2022 ਨੂੰ SES REC ਦੀ ਸਥਾਪਨਾ ਕੀਤੀ ਗਈ ਜਿਸ ਦਾ ਮੁੱਖ ਉਦੇਸ਼ ਪੇਂਡੂ ਖੇਤਰ ਦੇ ਵਿਦਿਆਰਥੀਆਂ ਦੇ ਵਿਚ ਸਮਾਜਿਕ ਅਤੇ ਉਦਯੋਗਿਕ ਉੱਦਮਤਾ ਦਾ ਵਿਕਾਸ ਕਰਨਾ ਹੈ।

## ਆਨਲਾਈਨ ਦਾਖ਼ਲਾ (Online Admission)

1. Website : www.admission.punjab.gov.in
2. Online ਦਾਖ਼ਲਾ ਯੂਨੀਵਰਸਿਟੀ Portal ਖੁੱਲ੍ਹਣ ਤੋਂ ਸ਼ੁਰੂ ਹੋਵੇਗਾ।
3. ਸਭ ਤੋਂ ਪਹਿਲਾਂ ਵਿਦਿਆਰਥੀ ਆਨਲਾਈਨ ਆਪਣਾ ਸਾਰਾ ਰਿਕਾਰਡ (ਡਾਟਾ) Student Login ਵਿੱਚ ਜਾ ਕੇ ਅਪਲਾਈ ਕਰੇਗਾ ਅਤੇ ਉਸ ਨੂੰ ਫ਼ੋਨ ਤੇ ਨਾਲ ਹੀ ਮੈਸੇਜ ਆਵੇਗਾ, ਜਿਸ ਦੇ ਜ਼ਰੀਏ ਉਸ ਨੂੰ Generate ਹੋਈ I.D. ਅਤੇ Password ਪ੍ਰਾਪਤ ਹੋਵੇਗਾ।
4. Student Login ਵਿੱਚ ਵਿਦਿਆਰਥੀ ਆਪਣਾ ID ਅਤੇ Password ਭਰਨ ਤੋਂ ਬਾਅਦ ਆਪਣੀ ਮਰਜ਼ੀ ਨਾਲ ਖ਼ੁਦ ਸਾਰਾ ਡਾਟਾ ਭਰੇਗਾ, ਜਿਵੇਂ ਕਾਲਜ, ਜ਼ਿਲ੍ਹਾ, ਵਿਸ਼ੇ ਆਦਿ ਦੀ ਚੋਣ ਕਰਨ ਉਪਰੰਤ ਬਣਦੀ ਜਰੂਰੀ ਸੂਚਨਾ ਭਰਨ ਤੋਂ ਬਾਅਦ ਦੋ ਦਿਨ ਦੇ ਅੰਦਰ ਕਾਲਜ ਵਿੱਚ ਰਿਪੋਰਟ ਕਰੇਗਾ।

## ਕਾਲਜ ਵਿਖੇ ਚੱਲ ਰਹੇ ਅਕਾਦਮਿਕ ਕੋਰਸ (Academic Programmes)

1. ਬੀ.ਏ. (ਕੋਈ ਤਿੰਨ ਚੋਣਵੇਂ ਵਿਸ਼ਿਆਂ ਸਹਿਤ)
2. ਬੀ.ਕਾਮ (ਰੈਗੂਲਰ – ਕਾਮਰਸ ਵਿਸ਼ਿਆਂ ਸਹਿਤ)
3. ਬੀ.ਸੀ.ਏ. (ਬੈਚੁਲਰ ਆਫ਼ ਕੰਪਿਊਟਰ ਐਪਲੀਕੇਸ਼ਨਜ਼) ਸਵੈ—ਵਿੱਤੀ ਕੋਰਸ (Under HEIS)
4. ਪੀ.ਜੀ.ਡੀ.ਸੀ.ਏ. ਸਵੈ-ਵਿੱਤੀ ਕੋਰਸ (Under HEIS)

## ਕਾਲਜ ਵਿੱਚ ਪੜ੍ਹਾਏ ਜਾਂਦੇ ਵਿਸ਼ੇ

ਇਸ ਕਾਲਜ ਵਿੱਚੀਂ ਬੀ.ਏ., ਬੀ.ਕਾਮ. ਕੋਰਸਾਂ ਸੰਬੰਧੀ ਯੂਨੀਵਰਸਿਟੀ ਵੱਲੋਂ ਪ੍ਰਵਾਨਿਤ ਹੇਠ ਲਿਖੇ ਵਿਸ਼ੇ ਪੜ੍ਹਾਏ ਜਾ ਰਹੇ ਹਨ—

| | | | |
|---|---|---|---|
| 1. ਅੰਗਰੇਜ਼ੀ ਲਾਜ਼ਮੀ | 2. ਪੰਜਾਬੀ ਲਾਜ਼ਮੀ | 3. ਅਰਥ-ਸ਼ਾਸਤਰ | 4. ਇਤਿਹਾਸ |
| 5. ਰਾਜਨੀਤੀ-ਸ਼ਾਸਤਰ | 6. ਪੰਜਾਬੀ ਚੋਣਵੀਂ | 7. ਸਰੀਰਕ-ਸਿੱਖਿਆ | 8. ਵਾਤਾਵਰਨ-ਸਿੱਖਿਆ |
| 9. ਡਰੱਗ ਅਬਿਊਜ਼ | 10. ਕੰਪਿਊਟਰ ਸਾਇੰਸ | 11. ਕਾਮਰਸ ਗਰੁੱਪ ਦੇ ਸਾਰੇ ਵਿਸ਼ੇ | |

ਵਿਭਾਗ ਅਤੇ ਯੂਨੀਵਰਸਿਟੀ ਦੀਆਂ ਹਦਾਇਤਾਂ ਮੁਤਾਬਿਕ ਜੇ ਕਿਸੇ ਵਿਸ਼ੇ ਦੀ ਕਲਾਸ ਵਿੱਚ 10 ਤੋਂ ਘੱਟ ਵਿਦਿਆਰਥੀ ਹੋਣ ਤਾਂ ਉਹ ਕਲਾਸ ਨਹੀਂ ਚੱਲੇਗੀ ਅਤੇ ਸੰਬੰਧਤ ਵਿਦਿਆਰਥੀਆਂ ਨੂੰ ਅਜਿਹੇ ਵਿਸ਼ੇ ਬਦਲਣ ਲਈ ਕਿਹਾ ਜਾ ਸਕਦਾ ਹੈ।

## ਵਿਸ਼ਾ ਗਰੁੱਪ (Subject Combinations)

ੳ) ਬੀ.ਏ. ਭਾਗ ਪਹਿਲਾ (ਸਮੈਸਟਰ I) ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਅੰਗਰੇਜ਼ੀ ਲਾਜ਼ਮੀ ਅਤੇ ਪੰਜਾਬੀ ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਦਾਖ਼ਲਾ ਕਮੇਟੀ ਦੀ ਆਗਿਆ ਨਾਲ ਹੇਠਾਂ ਦਰਜ ਕਿਸੇ ਵੀ ਗਰੁੱਪ ਵਿਚਲੇ ਕੋਈ ਤਿੰਨ ਚੋਣਵੇਂ ਵਿਸ਼ੇ ਲੈ ਸਕਦੇ ਹਨ—

| ਗਰੁੱਪ ਨੰ. | ਚੋਣਵੇਂ ਵਿਸ਼ੇ | ਗਰੁੱਪ ਨੰ. | ਚੋਣਵੇਂ ਵਿਸ਼ੇ |
|---|---|---|---|
| 1. | ਕੰਪਿਊਟਰ ਸਾਇੰਸ, ਅਰਥ-ਸ਼ਾਸਤਰ, ਅੰਗਰੇਜ਼ੀ/ਪੰਜਾਬੀ/ਹਿੰਦੀ | 2. | ਕੰਪਿਊਟਰ ਸਾਇੰਸ, ਇਤਿਹਾਸ, ਅੰਗਰੇਜ਼ੀ/ਪੰਜਾਬੀ/ਹਿੰਦੀ |
| 3. | ਰਾਜਨੀਤੀ-ਸ਼ਾਸਤਰ, ਅਰਥ-ਸ਼ਾਸਤਰ, ਅੰਗਰੇਜ਼ੀ/ਪੰਜਾਬੀ/ਹਿੰਦੀ | 4. | ਰਾਜਨੀਤੀ-ਸ਼ਾਸਤਰ, ਇਤਿਹਾਸ, ਅੰਗਰੇਜ਼ੀ/ਪੰਜਾਬੀ/ਹਿੰਦੀ |
| 5. | ਅਰਥ-ਸ਼ਾਸਤਰ, ਰਾਜਨੀਤੀ-ਸ਼ਾਸਤਰ, ਸਰੀਰਕ-ਸਿੱਖਿਆ | 6. | ਇਤਿਹਾਸ, ਰਾਜਨੀਤੀ-ਸ਼ਾਸਤਰ, ਸਰੀਰਕ-ਸਿੱਖਿਆ |

**ਜਰੂਰੀ ਨੋਟ:**

ੳ) ਬੀ.ਏ. ਭਾਗ ਦੂਜਾ ਅਤੇ ਤੀਜਾ ਵਿੱਚ ਕੇਵਲ ਉਹੀ ਮਜ਼ਮੂਨ/ਗਰੁੱਪ ਵਿਸ਼ੇ ਲੈਣੇ ਹੋਣਗੇ ਜੋ ਬੀ.ਏ. ਭਾਗ ਪਹਿਲਾ (ਸਮੈਸਟਰ) ਵਿੱਚ ਲਏ ਗਏ ਸਨ।

ਅ) ਬੀ.ਏ./ਬੀ.ਕਾਮ./ਬੀ.ਸੀ.ਏ. ਵਿੱਚ ਡਰੱਬ ਅਬਿਊਜ਼ (Drug Abuse) ਅਤੇ ਵਾਤਾਵਰਨ ਸਿੱਖਿਆ (Environment Studies) ਵਿਸ਼ੇ ਲਾਜ਼ਮੀ ਤੌਰ 'ਤੇ ਪਾਸ ਕਰਨੇ ਹੋਣਗੇ।

# ਪੀ.ਜੀ.ਡੀ.ਸੀ.ਏ. ਦੇ ਲਈ ਨਿਰਧਾਰਿਤ ਯੋਗਤਾ

ਬੀ.ਏ./ਬੀ.ਐਸ.ਸੀ./ਬੀ.ਕਾਮ. ਕਿਸੇ ਵੀ ਸਟਰੀਮ ਵਿੱਚ 45 ਪ੍ਰਤੀਸ਼ਤ ਐਗਰੀਗੇਟ ਅੰਕਾਂ ਨਾਲ ਪਾਸ ਗਰੈਜੂਏਟ ਦਾਖ਼ਲੇ ਲਈ ਯੋਗ ਹਨ, ਪਰੰਤੂ ਕਿਸੇ ਵੀ ਵਿਸ਼ੇ ਵਿੱਚ ਕੰਪਾਰਟਮੈਂਟ/ਰੀਅਪੀਅਰ ਵਾਲੇ ਵਿਦਿਆਰਥੀ ਦਾਖ਼ਲੇ ਦੇ ਯੋਗ ਨਹੀਂ ਹਨ। ਦਾਖ਼ਲਾ ਮੈਰਿਟ ਦੇ ਅਧਾਰ 'ਤੇ ਕੀਤਾ ਜਾਵੇਗਾ। ਦਾਖ਼ਲਾ ਫਾਰਮ ਕਾਲਜ ਵਿੱਚ ਪਹਿਲਾਂ ਸਵੀਕਾਰ ਕਰ ਲਏ ਜਾਣਗੇ ਪਰੰਤੂ ਦਾਖ਼ਲਾ ਨੋਟਿਸ ਬੋਰਡ 'ਤੇ ਦਰਸਾਈ ਗਈ ਮਿਤੀ ਨੂੰ ਹੀ ਮੈਰਿਟ ਦੇ ਅਧਾਰ 'ਤੇ ਕੀਤਾ ਜਾਵੇਗਾ।

ਨੋਟ : ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਪੰਜਾਬ ਫਿਨਸ਼ਿੰਗ ਸਕੂਲ ਅਧੀਨ Soft Skills and Hard Skills, Personality Development, IT and Networks, Communication Skills Entertainment Media and Hospitality ਦੀਆਂ ਸਹੂਲਤਾਂ ਮੁਹੱਈਆਂ ਕਰਵਾਈਆਂ ਜਾ ਰਹੀਆਂ ਹਨ।

# ਦਾਖ਼ਲੇ ਸੰਬੰਧੀ ਨਿਯਮ ਅਤੇ ਹਦਾਇਤਾਂ

- ਕਾਲਜ ਵਿਚ ਦਾਖਲਾ ਪੰਜਾਬ ਸਰਕਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ/ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਨਿਰਧਾਰਤ ਨਿਯਮਾਂ ਦੇ ਅਨੁਸਾਰ ਕੀਤਾ ਜਾਵੇਗਾ। ਦਾਖਲਾ ਕੇਵਲ ਅਕਾਦਮਿਕ ਮੈਰਿਟ ਦੇ ਆਧਾਰ ਤੇ ਦਿੱਤਾ ਜਾਵੇਗਾ।
- **ਦਾਖਲਾ ਫਾਰਮ ਨਾਲ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਅਟੈਸਟਿਡ ਫੋਟੋਸਟੈਟ ਕਾਪੀਆਂ ਨੱਥੀ ਹੋਣੀਆਂ ਜ਼ਰੂਰੀ ਹਨ।**
- ਦੋ ਪਾਸਪੋਰਟ ਸਾਈਜ਼ ਫੋਟੋ
- ਜਨਮ ਮਿਤੀ ਦਾ ਸਰਟੀਫਿਕੇਟ (ਮੈਟ੍ਰਿਕ ਜਾਂ 10+2)
- ਹੇਠਲੀ ਜਮਾਤ ਦਾ ਨਤੀਜਾ ਕਾਰਡ ਜਾਂ ਗਜ਼ਟ ਦੀ ਤਸਦੀਕੀ ਕਾਪੀ।
- ਬਲੱਡ ਗਰੁੱਪ ਤੇ ਮੈਡੀਕਲ ਫਿਟਨੈੱਸ।
- ਪਿਛਲੀ ਸੰਸਥਾ ਦੇ ਮੁੱਖੀ ਜਾਂ ਕਿਸੇ ਗਜ਼ਟਿਡ ਅਫਸਰ ਵੱਲੋਂ ਚੰਗੇ ਚਾਲ ਚਲਣ ਦਾ ਸਰਟੀਫਿਕੇਟ।
- ਜਿਹਨਾਂ ਵਿਦਿਆਰਥੀਆਂ ਨੇ +2 P.S.E.B ਤੋਂ ਇਲਾਵਾ (CBSE, ICSE) ਜਾਂ ਪੰਜਾਬ ਰਾਜ ਤੋਂ ਬਾਹਰ ਦੇ ਬੋਰਡ ਤੋਂ ਪਾਸ ਕੀਤਾ ਹੈ, ਉਹ ਆਪਣਾ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਦਾਖਲ ਹੋਣ ਦੀ ਮਿਤੀ ਤੋਂ 15 ਦਿਨਾਂ ਵਿੱਚ ਦਫ਼ਤਰ ਵਿਖੇ ਜਮ੍ਹਾਂ ਕਰਵਾਏਗਾ ਨਾ ਜਮ੍ਹਾਂ ਕਰਵਾਉਣ ਦੀ ਸੂਰਤ ਵਿੱਚ ਯੂਨੀਵਰਸਿਟੀ ਵਲੋਂ ਲਗਾਈ ਗਈ ਲੇਟ ਫੀਸ ਦਾ ਵਿਦਿਆਰਥੀ ਖੁੱਦ ਜ਼ਿੰਮੇਵਾਰ ਹੋਵੇਗਾ।
- ਵਿਦਿਆਰਥੀ ਦੀ ਆਧਾਰ ਕਾਰਡ ਅਤੇ ਬੈਂਕ ਅਕਾਉਟ ਦੀ ਫੋਟੋ ਕਾਪੀ ਜ਼ਰੂਰੀ ਹੈ।
- ਜੇਕਰ ਰਿਜ਼ਰਵ ਸੀਟ ਲਈ ਕਲੇਮ ਕਰਨਾ ਹੋਵੇ ਤਾਂ ਨਿਰਧਾਰਤ ਅਧਿਕਾਰੀ ਤੋਂ ਜਾਤੀ ਦਾ ਸਰਟੀਫਿਕੇਟ ਦਾਖਲਾ ਫਾਰਮ ਨਾਲ ਲਗਾਉਣਾ ਜ਼ਰੂਰੀ ਹੈ। ਜੇਕਰ ਫਾਰਮ ਨਾਲ ਇਹ ਸਰਟੀਫਿਕੇਟ ਨਾ ਲੱਗਾ ਹੋਇਆ ਹੋਵੇ ਜਾਂ ਫਾਰਮ 'ਤੇ ਨਿਰਧਾਰਤ ਕਾਲਮ ਵਿਚ ਰਿਜ਼ਰਵ ਸ਼੍ਰੇਣੀ ਨਾ ਲਿਖੀ ਗਈ ਹੋਵੇ ਤਾਂ ਉਮੀਦਵਾਰ ਦਾ ਰਿਜ਼ਰਵ ਸੀਟ ਲਈ ਕਲੇਮ ਨਹੀਂ ਬਣੇਗਾ।

ਉਪਰੋਕਤ ਸਾਰੇ ਦਸਤਾਵੇਜ਼ ਫਾਰਮ ਨਾਲ ਲੱਗੇ ਹੋਣੇ ਜ਼ਰੂਰੀ ਹਨ। ਬਾਅਦ ਵਿਚ ਫਾਰਮ ਨਾਲ ਕੋਈ ਦਸਤਾਵੇਜ਼ ਲਗਾਉਣ ਜਾਂ ਉਤਾਰਣ ਦੀ ਆਗਿਆ ਨਹੀਂ ਹੋਵੇਗੀ ਪਰੰਤੂ ਰਿਜ਼ਲਟ ਲੇਟ ਵਾਲੇ ਵਿਦਿਆਰਥੀ ਆਪਣੇ ਨਤੀਜਾ ਕਾਰਡ ਦੀ ਕਾਪੀ ਬਾਅਦ ਵਿਚ ਲਗਾ ਸਕਦੇ ਹਨ । ਜਿਨ੍ਹਾਂ ਵਿਦਿਆਰਥੀਆਂ ਦਾ ਨਤੀਜਾ ਬੋਰਡ/ਯੂਨੀਵਰਸਿਟੀ ਵਲੋਂ ਲੇਟ ਘੋਸ਼ਿਤ ਕੀਤਾ ਗਿਆ ਹੋਵੇ ਉਹ ਨਤੀਜਾ ਘੋਸ਼ਿਤ ਹੋਣ ਤੋਂ ਦਸ ਦਿਨਾਂ ਦੇ ਅੰਦਰ-ਅੰਦਰ ਬਿਨਾ ਲੇਟ ਫੀਸ ਦਾਖਲਾ ਲੈ ਸਕਦੇ ਹਨ। ਸਾਰੀ ਕਲਾਸ ਦਾ ਨਤੀਜਾ ਲੇਟ ਨਿਕਲਣ ਤੋਂ ਤਿੰਨ ਦਿਨ ਤੱਕ ਆਪਣੇ ਦਾਖਲਾ ਫਾਰਮ ਜਮ੍ਹਾ ਕਰਵਾ ਸਕਣਗੇ ਅਤੇ ਉਨ੍ਹਾਂ ਦੀ ਕਾਊਂਸਲਿੰਗ ਅਗਲੇ ਦਿਨ ਹੀ ਹੋਵੇਗੀ।

- ਜਿਹੜੇ ਵਿਦਿਆਰਥੀਆਂ ਨੇ ਪਹਿਲਾਂ ਇਮਤਿਹਾਨ ਦੀਆਂ ਸ਼ਰਤਾਂ ਪੂਰੀਆਂ ਹੋਣ ਦੇ ਬਾਵਜੂਦ ਕਿਸੇ ਕਾਰਨ ਇਮਤਿਹਾਨ ਨਹੀਂ ਦਿੱਤਾ, ਉਨ੍ਹਾਂ ਨੂੰ ਦਾਖਲਾ ਵਰਤਮਾਨ ਮੈਰਿਟ ਦੇ ਆਧਾਰ ਤੇ ਦਿੱਤਾ ਜਾਵੇਗਾ।
- ਉਮੀਦਵਾਰ ਨੂੰ ਦਾਖਲੇ ਲਈ ਬਿਨਾਂ ਕੋਈ ਕਾਰਨ ਦੱਸੇ ਨਾਂਹ ਕੀਤੀ ਜਾ ਸਕਦੀ ਹੈ। ਪ੍ਰਿੰਸੀਪਲ ਦਾ ਫੈਸਲਾ ਅੰਤਿਮ ਹੋਵੇਗਾ।
- ਨਵੇਂ ਦਾਖਲੇ ਲਈ ਰਾਖਵੀਆਂ ਸੀਟਾਂ ਨਿਯਮਾਂ ਅਨੁਸਾਰ ਹੋਣਗੀਆਂ ਪਰ ਦਾਖਲਾ ਫਾਰਮ ਵਿਚ ਰਾਖਵੀਆਂ ਸੀਟਾਂ ਸੰਬੰਧੀ ਕਲੇਮ ਪਹਿਲਾਂ ਕਰਨਾ ਪਵੇਗਾ। ਅਜਿਹੇ ਵਿਦਿਆਰਥੀ ਜੇਕਰ ਮੈਰਿਟ ਦੇ ਆਧਾਰ ਤੇ ਜਨਰਲ ਸੀਟਾਂ ਲਈ ਵੀ ਉਮੀਦਵਾਰ ਬਣਨਾ ਚਾਹੁੰਦੇ ਹਨ ਤਾਂ ਇਸ ਲਈ ਉਹਨਾਂ ਨੂੰ ਇਕ ਹੋਰ ਫਾਰਮ ਭਰਨਾ ਪਵੇਗਾ।
- ਫੇਲ੍ਹ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।
- ਇਤਫਾਕੀਆ ਦਾਖਲਾ ਨਹੀਂ ਦਿੱਤਾ ਜਾਵੇਗਾ।
- ਦਾਖਲੇ ਸੰਬੰਧੀ ਹਰ ਪ੍ਰਕਾਰ ਦੀ ਸੂਚਨਾ ਕੇਵਲ ਨੋਟਿਸ ਬੋਰਡ ਅਤੇ ਕਾਲਜ ਵੈਬ-ਸਾਈਟ **website:www.gcajnala.in** ਉੱਤੇ ਹੀ ਦਿੱਤੀ ਜਾਵੇਗੀ।
- ਮੋਬਾਇਲ ਨੰਬਰ ਜੋ ਕਿ ਚਲਦੇ ਹੋਣ ਸਿਰਫ ਉਹਨਾਂ ਦਾ ਹੀ ਵੇਰਵਾ

ਦਿੱਤਾ ਜਾਵੇ

- GAP YEAR ਦੇ ਵਿਦਿਆਰਥੀ ਆਪਣਾ ਚਰਿੱਤਰ ਸਰਟੀਫਿਕੇਟ ਮੁਹੱਲੇ ਦੇ ਕੌਂਸਲਰ ਜਾਂ ਪਿੰਡ ਦੇ ਸਰਪੰਚ ਤੋਂ ਪ੍ਰਾਪਤ ਕਰਕੇ ਜਮ੍ਹਾਂ ਕਰਵਾਉਣਗੇ
- ਵਿਦੇਸ਼ੀ ਯੂਨੀਵਰਸਿਟੀ ਤੋਂ ਆ ਰਹੇ ਉਮੀਦਵਾਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਬਰਾਬਰ ਦੀ ਯੋਗਤਾ ਦਾ ਸਰਟੀਫਿਕੇਟ ਦੇਣਾ ਹੋਵੇਗਾ ਅਤੇ ਉਸ ਨੂੰ ਭਾਰਤੀ ਸੰਵਿਧਾਨ ਅਨੁਸਾਰ ਨਿਸ਼ਚਿਤ ਸ਼ਰਤਾਂ ਦੀ ਪੂਰਤੀ ਕਰਨੀ ਪਵੇਗੀ।
- ਫਾਰਮ ਉੱਤੇ ਫੋਟੋ ਲਗਾਉਣ ਵਾਲੀ ਥਾਂ ਤੇ ਫੋਟੋ ਚਿਪਕਾਈ ਜਾਵੇਗੀ। ਪਿੰਨ ਕੀਤੀ ਫੋਟੋ ਵਾਲਾ ਫਾਰਮ ਅਧੂਰਾ ਸਮਝਿਆ ਜਾਵੇਗਾ।
- ਬੀ.ਏ. ਭਾਗ ਪਹਿਲਾ ਵਿਚ ਕਿਸੇ ਵੀ ਵਿਸ਼ੇ ਵਿਚ ਸੰਖਿਆ ਦੇ ਵਧਣ ਨਾਲ ਵਿਦਿਆਰਥੀਆਂ ਨੂੰ ਉਹ ਵਿਸ਼ੇ ਲੈਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ।
- ਦਾਖਲੇ ਸੰਬੰਧੀ ਨਿਯਮਾਂ ਵਿਚ ਕਿਸੇ ਵੀ ਪ੍ਰਕਾਰ ਦੀ ਸੋਧ ਕਰਨ ਦਾ ਅਧਿਕਾਰ ਪੰਜਾਬ ਸਰਕਾਰ/ਗੁਰੂ ਨਾਨਕ ਦੇਵ ਯੂਨੀਵਰਸਿਟੀ/ਕਾਲਜ ਪ੍ਰਿੰਸੀਪਲ ਨੂੰ ਹੀ ਹੋਵੇਗਾ। ਉਮੀਦਵਾਰ ਇਸ ਫੈਸਲੇ ਦਾ ਹਰ ਪੱਖੋਂ ਪਾਬੰਧ ਹੋਵੇਗਾ।
- ਪਾਤਰਤਾ ਮਿਲਣ ਤੱਕ ਦਾਖਲਾ ਆਰਜ਼ੀ ਹੋਵੇਗਾ।
- ਕਾਲਜ ਦੇ ਘਰੇਲੂ ਇਮਤਿਹਾਨ ਵਿਚ ਨਕਲ ਮਾਰਨ ਵਾਲੇ ਵਿਦਿਆਰਥੀ ਨੂੰ ਦੁਬਾਰਾ ਕਾਲਜ ਵਿਚ ਦਾਖਲਾ ਨਹੀਂ ਦਿੱਤਾ ਜਾਵੇਗਾ ।
- ਜਿਨ੍ਹਾਂ ਵਿਦਿਆਰਥੀਆਂ ਦੀ ਗਰੈਜੂਏਸ਼ਨ ਪ੍ਰੀਖਿਆ ਵਿਚੋਂ ਕੰਪਾਰਟਮੈਂਟ ਹੋਵੇਗੀ ਉਹਨਾਂ ਨੂੰ ਡਿਪਲੋਮਾ ਕੋਰਸਾਂ ਵਿਚ ਦਾਖਲਾ ਨਹੀਂ ਦਿੱਤਾ ਜਾਵੇਗਾ।
- **ਰਾਖਵੀਆਂ ਸੀਟਾਂ ਲਈ ਵਿਸ਼ੇਸ਼ ਸੰਕੇਤ :**
- **ਦਾਖਲਾ ਫਾਰਮ ਨਾਲ ਜਾਤੀ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ । ਜਾਤੀ-ਸਰਟੀਫਿਕੇਟ ਆਪਣੇ ਇਲਾਕੇ ਦੇ ਡਿਪਟੀ ਕਮਿਸ਼ਨਰ/ਐਡੀਸ਼ਨਲ ਡਿਪਟੀ ਕਮਿਸ਼ਨਰ/ਸਬ ਡਵੀਜ਼ਨਲ ਮੈਜਿਸਟ੍ਰੇਟ/ਕਾਰਜਕਾਰੀ ਮੈਜਿਸਟ੍ਰੇਟ (ਕੇਵਲ ਪੀ.ਸੀ.ਐਸ. ਅਧਿਕਾਰੀ)/ ਤਹਿਸੀਲਦਾਰ ਦੁਆਰਾ ਜਾਰੀ ਕੀਤਾ ਹੋਣਾ ਚਾਹੀਦਾ ਹੈ**
- ਬੀ.ਐੱਸ.ਐਫ./ਆਰਮਡ ਫੋਰਸਿਜ਼/ਸੀ.ਆਰ.ਪੀ.ਐਫ. ਅਤੇ ਪੁਲਿਸ ਵਿਚ ਕੰਮ ਕਰ ਰਹੇ ਅਤੇ ਸਾਬਕਾ ਅਧਿਕਾਰੀਆਂ/ ਕਰਮਚਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖਲਾ ਫਾਰਮ ਨਾਲ ਸੰਬੰਧਿਤ ਕਮਾਂਡਿੰਗ ਅਫਸਰ ਦਾ ਸਰਟੀਫਿਕੇਟ ਜਾਂ ਡਿਸਚਾਰਜ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ
- ਖਿਡਾਰੀਆਂ ਦਾ ਦਾਖਲਾ ਮੈਰਿਟ ਅਤੇ ਯੋਗਤਾ ਨੂੰ ਮੌਕੇ ਉੱਤੇ ਟੈਸਟ ਲੈ ਕੇ ਪਰਖਣ ਉਪਰੰਤ ਕੀਤਾ ਜਾਂਦਾ ਹੈ। ਉਹ ਖਿਡਾਰੀ ਹੀ ਦਾਖਲ ਕੀਤੇ ਜਾਂਦੇ ਹਨ, ਜਿਹੜੇ ਨਿਯਮਾਂ ਅਨੁਸਾਰ ਕਾਲਜ ਦੀਆਂ ਟੀਮਾਂ ਵਿਚ ਖੇਡਣ ਦੇ ਯੋਗ ਹੋਣ ਅਤੇ ਜ਼ਿਲ੍ਹਾ ਰਾਜ, ਅੰਤਰ ਕਾਲਜ ਅਤੇ ਯੂਨੀਵਰਸਿਟੀ ਵਿਚ ਕਾਲਜ ਵਲੋਂ ਹਿੱਸਾ ਲੈ ਸਕਣ । ਇਹਨਾਂ ਖਿਡਾਰੀਆਂ ਦਾ ਦਾਖਲਾ ਕਰਨ ਵੇਲੇ ਕਾਲਜ ਵਿਚ ਬਣ ਸਕਣ ਵਾਲੀਆਂ ਟੀਮਾਂ ਅਤੇ ਯੂਨੀਵਰਸਿਟੀ ਵਲੋਂ ਮਾਨਤਾ ਪ੍ਰਾਪਤ ਖੇਡਾਂ ਦਾ ਧਿਆਨ ਰੱਖਿਆ ਜਾਂਦਾ ਹੈ।
- ਪਹਿਲੇ ਸਮੈਸਟਰ ਤੋਂ ਦੂਸਰੇ ਅਤੇ ਤੀਸਰੇ ਸਮੈਸਟਰ ਤੋਂ ਚੌਥੇ ਸਮੈਸਟਰ ਵਿਚ ਪ੍ਰਮੋਟ ਹੋਣ ਲਈ ਵਿਦਿਆਰਥੀ ਲਈ ਕੋਈ ਸ਼ਰਤ ਨਹੀਂ ਹੈ।
- ਵਿਦਿਆਰਥੀ ਲਈ ਪਹਿਲੇ ਦੋ ਸਮੈਸਟਰਾਂ ਵਿਚੋਂ ਘੱਟੋ-ਘੱਟ ਅੱਧੇ ਵਿਸ਼ੇ ਪਾਸ ਕਰਨੇ ਜ਼ਰੂਰੀ ਹੋਣਗੇ ਤਾਂ ਹੀ ਉਸ ਨੂੰ ਤੀਸਰੇ ਸਮੈਸਟਰ ਵਿਚ ਪ੍ਰਮੋਟ ਕੀਤਾ ਜਾਵੇਗਾ।
- ਪੰਜਵੇਂ ਸਮੈਸਟਰ ਵਿਚ ਦਾਖਲਾ ਲੈਣ ਲਈ ਪਹਿਲੇ ਚਾਰ ਸਮੈਸਟਰਾਂ ਦੇ ਵਿਸ਼ਿਆਂ ਵਿਚੋਂ ਘੱਟੋ-ਘੱਟ ਅੱਧੇ ਵਿਸ਼ਿਆਂ ਦੇ ਨਾਲ ਪਾਸ ਕਰਨੇ ਜ਼ਰੂਰੀ ਹੋਣਗੇ।
- ਜੇਕਰ ਕੋਈ ਵਿਦਿਆਰਥੀ ਛੇ ਸਮੈਸਟਰਾਂ (ਤਿੰਨ ਸਾਲਾਂ) ਦੌਰਾਨ ਸਾਰੇ ਪੇਪਰ ਪਾਸ ਕਰਨ ਵਿਚ ਅਸਮਰੱਥ ਰਹਿੰਦਾ ਹੈ ਤਾਂ ਉਸ ਨੂੰ ਰਹਿੰਦੇ ਪੇਪਰ ਦੇਣ ਲਈ ਲਗਾਤਾਰ ਚਾਰ ਸਮੈਸਟਰ (ਦੋ ਸਾਲ) ਮਿਲਣਗੇ।

## ਜ਼ਰੂਰੀ ਨੋਟ:

1. **ਫੀਸ/ਫੰਡਾਂ ਵਿੱਚ ਪੰਜਾਬ ਸਰਕਾਰ/ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ 'ਤੇ ਤਬਦੀਲੀ ਕੀਤੀ ਜਾ ਸਕਦੀ ਹੈ, ਅਜਿਹੀ ਸੂਰਤ ਵਿੱਚ ਬਣਦੀ ਰਕਮ ਵਸੂਲ ਕੀਤੀ ਜਾਵੇਗੀ ਜਾਂ ਵਾਪਸ ਕੀਤੀ ਜਾਵੇਗੀ।**
2. **ਦਾਖ਼ਲੇ ਸਮੇਂ ਜਮ੍ਹਾਂ ਕਰਵਾਈ ਫ਼ੀਸ ਕਿਸੇ ਵੀ ਸੂਰਤ ਵਿੱਚ ਰੀਫੰਡ/ਵਾਪਸ ਨਹੀਂ ਹੋਵੇਗੀ।**
3. **ਇਹ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਪ੍ਰਿੰਸੀਪਲ ਸਰਕਾਰੀ ਕਾਲਜ, ਅਜਨਾਲਾ ਨੂੰ ਬਿਨਾਂ ਕਿਸੇ ਸੂਚਨਾ ਦੇ ਨਿਯਮਾਂ ਵਿਚ ਤਬਦੀਲੀ ਕਰਨ ਦਾ ਪੂਰਨ ਅਧਿਕਾਰ ਹੈ।**

# ਕਾਲਜ ਸਮੇਂ ਦੌਰਾਨ ਵਿਦਿਆਰਥੀਆਂ ਦੇ ਧਿਆਨਯੋਗ ਹੋਰ ਪ੍ਰਮੁੱਖ ਨਿਯਮ ਅਤੇ ਹਦਾਇਤਾਂ

- ਕਾਲਜ ਦਾਖਲ ਹੋਏ ਹਰੇਕ ਵਿਦਿਆਰਥੀ ਲਈ ਹੇਠਾਂ ਦਰਜ ਨਿਯਮਾਂ ਅਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਵੀ ਅਤੀ ਜਰੂਰੀ ਹੈ। ਨਿਯਮਤ ਤਾਰੀਖ ਤੇ ਫੀਸ ਨਾ ਭਰਨ ਦੀ ਹਾਲਤ ਵਿੱਚ 25 ਪੈਸੇ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਹੋਵੇਗਾ। ਫੀਸ ਨਾ ਭਰਨ ਲਈ ਨੀਯਤ ਸਮੇਂ ਤੋਂ 20 ਦਿਨ ਉਪਰੰਤ ਜੇ ਕੋਈ ਵਿਦਿਆਰਥੀ ਫੀਸ ਨਹੀਂ ਭਰੇਗਾ ਤਾਂ ਉਸ ਦਾ ਨਾਂ ਹਾਜਰੀ ਰਜਿਸਟਰ ਤੋਂ ਕੱਟ ਦਿੱਤਾ ਜਾਵੇਗਾ। ਪ੍ਰਿੰਸੀਪਲ ਦੀ ਆਗਿਆ ਅਨੁਸਾਰ ਦੁਬਾਰਾ ਦਾਖਲਾ ਫੀਸ ਭਰਕੇ ਵਿਦਿਆਰਥੀ ਮੁੜ ਦਾਖਲਾ ਲੈ ਸਕੇਗਾ। ਵਿਦਿਆਰਥੀ ਨੂੰ ਮੁੜ ਦਾਖਲਾ ਦੇਣ ਜਾ ਨਾਂਹ ਕਰਨ ਦਾ ਅਧਿਕਾਰ ਪ੍ਰਿੰਸੀਪਲ ਕੋਲ ਹੋਵੇਗਾ।
- ਹਰ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਕਾਲਜ ਕੈਂਪਸ ਨੂੰ ਸਾਫ ਸੁਥਰਾ ਰੱਖਣ ਵਿੱਚ ਆਪਣਾ ਯੋਗਦਾਨ ਪਾਵੇ। ਕਿਧਰੇ ਵੀ ਕੋਈ ਚੀਜ ਸੁਟਣੀ, ਕੁਝ ਲਿਖਣਾ ਤੇ ਨਿਸ਼ਾਨ ਲਾਉਣੇ ਮਨ੍ਹਾ ਹਨ। ਕਾਲਜ ਕੈਂਪਸ ਵਿਚੋਂ ਫੁੱਲ ਤੋੜਨਾ ਵੀ ਸਖਤ ਮਨ੍ਹਾ ਹੈ। ਕੈਂਪਸ ਦੀ ਸੁੰਦਰਤਾ ਨੂੰ ਖਰਾਬ ਕਰਨ ਵਾਲੇ ਵਿਦਿਆਰਥੀ ਨੂੰ ਭਾਰੀ ਜੁਰਮਾਨਾ ਕੀਤਾ ਜਾਵੇਗਾ।
- ਕਿਸੇ ਵਿਦਿਆਰਥੀ ਨੂੰ ਜੇ ਕੋਈ ਔਕੜ ਹੋਵੇ ਤਾਂ ਉਹ ਫੌਰੀ ਤੋਰ ਤੇ ਆਪਣੇ ਟਿਊਟਰ ਨੂੰ ਮਿਲ ਸਕਦਾ ਹੈ। ਕਾਲਜ ਛੱਡਣ ਸਮੇਂ ਵਿਦਿਆਰਥੀਆਂ ਨੂੰ ਆਚਰਣ ਸੰਬੰਧੀ ਪ੍ਰਮਾਣ-ਪੱਤਰ ਲੈਣ ਲਈ ਦਰਖਾਸਤ ਦੇਣੀ ਚਾਹੀਦੀ ਹੈ। ਸਾਧਾਰਨ ਤੌਰ ਤੇ ਪ੍ਰਮਾਣ ਪੱਤਰ ਕੇਵਲ ਸੈਸ਼ਨ ਦੇ ਅੰਤ ਵਿੱਚ ਹੀ ਦਿੱਤਾ ਜਾਂਦਾ ਹੈ। ਪ੍ਰਮਾਣ ਪੱਤਰ ਲੈਣ ਲਈ ਟਿਊਟਰ ਦੀ ਸਿਫਾਰਿਸ਼ ਜਰੂਰੀ ਹੈ।
- ਕਾਲਜ ਦੀ ਸੰਪਤੀ (ਪ੍ਰਾਪਰਟੀ) ਨੂੰ ਕਿਸੇ ਕਿਸਮ ਦਾ ਕੋਈ ਨੁਕਸਾਨ ਪਹੁੰਚਾਉਂਦਾ ਕੋਈ ਵੀ ਵਿਦਿਆਰਥੀ ਪਕੜਿਆ ਗਿਆ ਤਾਂ ਉਸਦੇ ਵਿਰੁੱਧ ਸਖਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
- ਦਸਤਕ ਪ੍ਰੋਗਰਾਮ ਦੇ ਤਹਿਤ ਕੋਈ ਵੀ ਵਿਦਿਆਰਥੀ ਆਪਣੇ ਵਿਚਾਰ ਸਿੱਧੇ ਪ੍ਰਿੰਸੀਪਲ ਨਾਲ ਸਾਂਝੇ ਕਰ ਸਕਦਾ ਹੈ।

## ਛੁੱਟੀਆਂ ਬਾਰੇ ਨਿਯਮ

- **ਛੁੱਟੀ ਲਈ ਬਿਨੈ ਪੱਤਰ ਛਪੇ ਹੋਏ ਫਾਰਮ ਤੇ ਦਿੱਤਾ ਜਾਵੇ।**
- **ਵਿਦਿਆਰਥੀ ਪੰਜ ਦਿਨਾਂ ਤੱਕ ਦੀ ਛੁੱਟੀ ਦੀ ਮਨਜ਼ੂਰੀ ਟਿਊਟਰ ਤੋਂ ਲੈਣਗੇ।**
- **ਵਿਦਿਆਰਥੀ ਪੰਜ ਦਿਨਾਂ ਤੋਂ ਵੱਧ ਦੀ ਛੁੱਟੀ ਦੀ ਮਨਜ਼ੂਰੀ ਵਾਈਸ ਪ੍ਰਿੰਸੀਪਲ ਤੋਂ ਲੈ ਕੇ ਦਫਤਰ ਵਿੱਚ ਜਮ੍ਹਾਂ ਕਰਵਾਉਣਗੇ।**
- **ਬਿਮਾਰੀ ਦੀ ਹਾਲਤ ਵਿਚ ਸੱਤ ਦਿਨਾਂ ਤੋਂ ਵੱਧ ਛੁੱਟੀ ਲੈਣ ਲਈ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦਾ ਸਰਟੀਫਿਕੇਟ ਸਮੇਂ ਸਿਰ ਅਰਜ਼ੀ ਨਾਲ ਦੇਣਾ ਜ਼ਰੂਰੀ ਹੈ। ਬਾਅਦ ਵਿਚ ਦਿੱਤਾ ਹੋਇਆ ਸਰਟੀਫਿਕੇਟ ਪ੍ਰਵਾਨ ਨਹੀਂ ਕੀਤਾ ਜਾਵੇਗਾ।**

## ਟਿਊਟੋਰੀਅਲ ਗਰੁੱਪ

- ਹਰ ਵਿਦਿਆਰਥੀ ਨੂੰ ਕਿਸੇ ਇਕ ਟਿਊਟੋਰੀਅਲ ਗਰੁਪ ਵਿੱਚ ਸ਼ਾਮਲ ਕੀਤਾ ਜਾਵੇਗਾ। ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀ ਕਾਲਜ ਵਿੱਚ ਸਰਵਪੱਖੀ ਉੱਨਤੀ ਦਾ ਧਿਆਨ ਰੱਖਦਾ ਹੈ ਅਤੇ ਸਮੇਂ-ਸਮੇਂ ਉਨ੍ਹਾਂ ਦੀ ਸਹੀ ਅਗਵਾਈ ਕਰਦਾ ਹੈ। ਇਸ ਲਈ ਹਰ ਵਿਦਿਆਰਥੀ ਆਪਣੀ ਔਕੜ ਸਮੇਂ ਆਪਣੇ ਗਰੁੱਪ ਟਿਊਟਰ ਨੂੰ ਮਿਲ ਸਕਦਾ ਹੈ।
- ਕਿਸੇ ਵਿਦਿਆਰਥੀ ਨੂੰ ਟਿਊਟੋਰੀਅਲ ਗਰੁੱਪ ਬਦਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
- ਹਰ ਵਿਦਿਆਰਥੀ ਲਈ ਟਿਊਟੋਰੀਅਲ ਮੀਟਿੰਗਾਂ ਵਿੱਚ ਹਾਜ਼ਰ ਹੋਣਾ ਜ਼ਰੂਰੀ ਹੈ।

# ਲਾਇਬ੍ਰੇਰੀ ਅਤੇ ਸ਼ਨਾਖਤੀ ਕਾਰਡ

- ❖ ਕਾਲਜ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਤੇ ਗਿਆਨ ਵਿੱਚ ਹੋਰ ਵਾਧਾ ਕਰਨ ਹਿੱਤੀਂ ਇਕ ਵਧੀਆ ਅਤੇ ਆਧੁਨਿਕ ਲਾਇਬ੍ਰੇਰੀ ਹੈ, ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਦੀਆਂ ਲਗਭਗ 21207 ਪੁਸਤਕਾਂ, 08 ਦੈਨਿਕ, ਹਫ਼ਤਾਵਾਰੀ ਤੇ ਮਾਸਿਕ ਜਰਨਲ, ਰਸਾਲੇ ਅਤੇ 3 ਅਖ਼ਬਾਰਾਂ ਆਉਂਦੀਆਂ ਹਨ। ਵਿਦਿਆਰਥੀਆਂ ਲਈ ਲਾਇਬ੍ਰੇਰੀ ਦੇ ਸ਼ਾਂਤ ਵਾਤਾਵਰਣ ਵਿੱਚ ਬੈਠ ਕੇ ਪੜ੍ਹਨ ਦਾ ਬਹੁਤ ਹੀ ਵਧੀਆ ਪ੍ਰਬੰਧ ਹੈ।
- ❖ ਹਰ ਵਿਦਿਆਰਥੀ ਨੂੰ ਦਾਖ਼ਲ ਹੋਣ ਪਿਛੋਂ ਕਾਲਜ ਵੱਲੋਂ ਲਾਇਬ੍ਰੇਰੀ-ਕਮ-ਸ਼ਨਾਖ਼ਤੀ ਕਾਰਡ ਦਿੱਤਾ ਜਾਂਦਾ ਹੈ ਜੋ ਕਿ ਹਰ ਸਮੇਂ ਕੋਲ ਰੱਖਣਾ ਜ਼ਰੂਰੀ ਹੈ ਤਾਂ ਜੋ ਲੋੜ ਪੈਣ 'ਤੇ ਸ਼ਨਾਖ਼ਤ ਵਜੋਂ ਵਿਖਾਇਆ ਜਾ ਸਕੇ।
- ❖ ਲਾਇਬ੍ਰੇਰੀ ਜਾਣ ਸਮੇਂ ਅਤੇ ਪੁਸਤਕ ਕਢਵਾਉਣ ਸਮੇਂ ਇਸ ਕਾਰਡ ਦਾ ਪੇਸ਼ ਕਰਨਾ ਜ਼ਰੂਰੀ ਹੈ। ਗੁੰਮ ਹੋ ਜਾਣ ਦੀ ਸੂਰਤ ਵਿੱਚ ਡੁਪਲੀਕੇਟ ਕਾਰਡ ਬਣਾਉਣ ਲਈ 1 ਰੁਪਏ ਪ੍ਰਤੀ ਦਿਨ ਦੀ ਫ਼ੀਸ ਅਤੇ ਪੁਲਿਸ ਕੋਲ ਦਰਜ ਕਰਵਾਈ ਰਿਪੋਰਟ ਦੀ ਕਾਪੀ ਕਾਲਜ ਦਫ਼ਤਰ ਵਿੱਚ ਦੇਣੀ ਪਵੇਗੀ।
- ❖ ਲਾਇਬ੍ਰੇਰੀ ਸਕਿਊਰਟੀ ਕਾਲਜ ਛੱਡਣ ਤੋਂ ਬਾਅਦ ਇੱਕ ਸਾਲ ਦੇ ਅੰਦਰ ਕਢਾਈ ਜਾ ਸਕਦੀ ਹੈ, ਉਪਰੰਤ ਇਹ ਸਕਿਊਰਟੀ ਜ਼ਬਤ ਹੋ ਜਾਵੇਗੀ।

**ਲਾਇਬ੍ਰੇਰੀ ਵਿੱਚ ਹੇਠ ਲਿਖੇ ਹੋਰ ਨਿਯਮ ਵੀ ਲਾਗੂ ਹਨ :**

- ❖ ਇੱਕ ਸਮੇਂ 'ਤੇ ਵਿਦਿਆਰਥੀ ਵੱਧ ਤੋਂ ਵੱਧ ਦੋ ਪੁਸਤਕਾਂ ਕੱਢਵਾ ਸਕਦਾ ਹੈ।
- ❖ ਜੇ ਵਿਦਿਆਰਥੀ ਕਾਲਜ ਲਾਇਬ੍ਰੇਰੀ ਦੀ ਪੁਸਤਕ ਗਵਾ ਦੇਵੇ ਜਾਂ ਖ਼ਰਾਬ ਕਰ ਦੇਵੇ ਤਾਂ ਉਸਨੂੰ ਉਸਦੇ ਬਦਲੇ ਵਿੱਚ ਨਵੀਂ ਪੁਸਤਕ ਜਾਂ ਪੁਸਤਕ ਦਾ ਵਰਤਮਾਨ ਮੁੱਲ ਭਰਨਾ ਪਵੇਗਾ।
- ❖ ਪੁਸਤਕਾਂ ਮੋੜਨ ਸਮੇਂ ਲਾਇਬ੍ਰੇਰੀ ਕਾਰਡ ਅਤੇ ਰਜਿਸਟਰ 'ਤੇ ਉਨ੍ਹਾਂ ਦੀ ਵਾਪਸੀ ਦਰਜ ਕਰਵਾਉਣੀ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ।
- ❖ ਜੇਕਰ ਲਾਇਬ੍ਰੇਰੀ ਕਾਰਡ ਗੁਆਚ ਜਾਵੇ ਤਾਂ ਲਾਇਬ੍ਰੇਰੀ ਵਿੱਚ ਤੁਰੰਤ ਸੂਚਨਾ ਦੇਣੀ ਚਾਹੀਦੀ ਹੈ ਤਾਂ ਕਿ ਕੋਈ ਹੋਰ ਉਸਦੀ ਦੁਰਵਰਤੋਂ ਨਾ ਕਰ ਸਕੇ।
- ❖ ਸੁਰੱਖਿਅਤ ਹਵਾਲਾ ਪੁਸਤਕਾਂ, ਮਹਾਨਕੋਸ਼, ਇਨਸਾਈਕਲੋਪੀਡੀਆ ਆਦਿ ਲੋੜ ਪੈਣ ਤੇ ਲਾਇਬ੍ਰੇਰੀ ਵਿੱਚ ਅਤੇ ਲਾਇਬ੍ਰੇਰੀਅਨ ਦੀ ਆਗਿਆ ਨਾਲ ਵਾਚੇ ਜਾ ਸਕਦੇ ਹਨ। ਅਜਿਹੀਆਂ ਪੁਸਤਕਾਂ ਕਿਸੇ ਵੀ ਸੂਰਤ ਵਿਚ ਲਾਇਬ੍ਰੇਰੀ ਵਿਚੋਂ ਬਾਹਰ ਲੈ ਜਾਣੀਆਂ ਮਨ੍ਹਾਂ ਹੈ।
- ❖ ਲਾਇਬ੍ਰੇਰੀ ਦੀ ਪੁਸਤਕ ਵੱਧ ਤੋਂ ਵੱਧ 14 ਦਿਨ ਲਈ ਰੱਖੀ ਜਾ ਸਕਦੀ ਹੈ। ਮਿਆਦ ਖ਼ਤਮ ਹੋਣ 'ਤੇ ਪੁਸਤਕ ਵਾਪਸ ਨਾ ਆਉਣ ਦੀ ਸੂਰਤ ਵਿਚ 1 ਰੁਪਏ ਪ੍ਰਤੀ ਦਿਨ ਪੁਸਤਕ ਜੁਰਮਾਨਾ ਹੁੰਦਾ ਹੈ। ਇਹ ਜੁਰਮਾਨਾ ਸਾਧਾਰਨ ਤੌਰ 'ਤੇ ਮਾਫ ਨਹੀਂ ਕੀਤਾ ਜਾ ਸਕਦਾ। ਇਕ ਮਹੀਨੇ ਤੋਂ ਜ਼ਿਆਦਾ ਸਮਾਂ ਮਿਆਦ ਮੁੱਕਣ 'ਤੇ ਵੀ ਜੇ ਵਿਦਿਆਰਥੀ ਪੁਸਤਕ ਵਾਪਸ ਨਹੀਂ ਕਰਦਾ ਤਾਂ ਉਸਨੂੰ ਸਪੈਸ਼ਲ ਜੁਰਮਾਨਾ ਕੀਤਾ ਜਾਵੇਗਾ।
- ❖ ਲਾਇਬ੍ਰੇਰੀ ਵਿਚ ਅਨੁਸ਼ਾਸਨ ਰੱਖਣਾ ਅਤੇ ਚੁੱਪ ਰਹਿਣਾ ਅਤਿ ਜ਼ਰੂਰੀ ਹੈ। ਇਸ ਦੀ ਅਣਗਹਿਲੀ ਕਰਨ ਵਾਲੇ ਵਿਦਿਆਰਥੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
- ❖ ਕਾਲਜ ਵਿੱਚ ਆਉਣ ਵਾਲੇ ਰਸਾਲੇ ਅਤੇ ਅਖ਼ਬਾਰਾਂ ਵੀ ਲਾਇਬ੍ਰੇਰੀ ਵਿੱਚ ਉਨ੍ਹਾਂ ਲਈ ਨਿਸ਼ਚਿਤ ਜਗ੍ਹਾ ਤੇ ਪੜ੍ਹੇ ਜਾ ਸਕਦੇ ਹਨ। ਜੇ ਕਿਸੇ ਵਿਦਿਆਰਥੀ ਨੇ ਪੁਰਾਣੇ ਅਖ਼ਬਾਰ ਜਾਂ ਰਸਾਲੇ ਨੂੰ ਵਾਚਨਾ ਹੋਏ ਤਾਂ ਉਹ ਲਾਇਬ੍ਰੇਰੀਅਨ ਨੂੰ ਮਿਲ ਕੇ ਆਪਣੀ ਜ਼ਰੂਰਤ ਪੂਰੀ ਕਰ ਸਕਦਾ ਹੈ।

## ਕਾਲਜ ਦੇ ਘਰੇਲੂ ਇਮਤਿਹਾਨ

1. ਯੂਨੀਵਰਸਿਟੀ ਦੀਆਂ ਹਦਾਇਤਾਂ ਮੁਤਾਬਿਕ 75 % ਹਾਜ਼ਰੀਆਂ ਲਾਜ਼ਮੀ ਹਨ।
2. ਕਾਲਜ ਦੇ ਘਰੇਲੂ ਇਮਤਿਹਾਨ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਲਏ ਜਾਣਗੇ ਅਤੇ ਇਹ ਇਮਤਿਹਾਨ ਕਾਲਜ ਦੇ ਹਰ ਵਿਦਿਆਰਥੀ ਲਈ ਲਾਜ਼ਮੀ ਹਨ।
3. ਵਿਦਿਆਰਥੀ ਦੀ ਕਾਰਗੁਜ਼ਾਰੀ ਅਤੇ ਉਸਦੇ ਨਤੀਜੇ ਸੰਬੰਧੀ ਜਾਣਕਾਰੀ ਕਾਲਜ ਤੋਂ ਪ੍ਰਾਪਤ ਕਰਨੀ ਮਾਪਿਆਂ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ।
4. ਇਮਤਿਹਾਨ ਵਿੱਚ ਸੂਚਨਾ ਦਿੱਤੇ ਬਿਨਾਂ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨਾ ਹੁੰਦਾ ਹੈ। ਕਿਸੇ ਅਚਨਚੇਤ ਜਾਂ ਨਾ ਟਾਲਣ ਵਾਲੇ ਹਾਲਤਾਂ ਕਾਰਨ ਜੇਕਰ ਕੋਈ ਵਿਦਿਆਰਥੀ ਕਾਲਜ ਇਮਤਿਹਾਨ ਵਿਚ ਹਾਜ਼ਰ ਨਹੀਂ ਹੋ ਸਕਦਾ ਤਾਂ ਇਸ ਬਾਰੇ ਸਮੇਂ ਸਿਰ ਕਾਲਜ ਰਜਿਸਟਰਾਰ ਨੂੰ ਸੂਚਿਤ ਕੀਤਾ ਜਾਵੇ।
5. ਜੋ ਵਿਦਿਆਰਥੀ ਘਰੇਲੂ ਪ੍ਰੀਖਿਆਵਾਂ ਵਿਚ ਕਿਸੇ ਕਾਰਨ ਨਹੀਂ ਬੈਠ ਸਕੇ, ਉਨ੍ਹਾਂ ਨੂੰ ਦੁਬਾਰਾ ਇਮਤਿਹਾਨ ਦੇਣ ਲਈ ਮੌਕਾ ਦੇਣਾ ਪ੍ਰਿੰਸੀਪਲ ਦੇ ਅਧਿਕਾਰ ਖੇਤਰ ਵਿੱਚ ਹੋਵੇਗਾ।
6. ਜਿਹੜਾ ਵਿਦਿਆਰਥੀ ਘਰੇਲੂ ਇਮਤਿਹਾਨ ਵਿੱਚ ਨਕਲ ਮਾਰਦਾ ਜਾਂ ਕਿਸੇ ਤਰ੍ਹਾਂ ਦੇ ਅਣਚਾਹੇ ਕੰਮ ਕਰਦਾ ਫੜਿਆ ਜਾਵੇਗਾ ਤਾਂ ਉਹ ਹੇਠ ਲਿਖੀ ਸਜ਼ਾ ਦਾ ਭਾਗੀ ਹੋਵੇਗਾ:-

ੳ) ਉਸ ਨੂੰ ਕਾਲਜ ਛੱਡਣ ਲਈ ਕਿਹਾ ਜਾ ਸਕਦਾ ਹੈ।
ਅ) ਉਸ ਨੂੰ ਭਾਰੀ ਜੁਰਮਾਨਾ ਹੋ ਸਕਦਾ ਹੈ।
ੲ) ਉਸ ਵਿਦਿਆਰਥੀ ਨੂੰ ਕਾਲਜ ਵੱਲੋਂ ਕਿਸੇ ਪ੍ਰਕਾਰ ਦੀ ਜੋ ਸਹਾਇਤਾ ਮਿਲਦੀ ਹੈ, ਉਹ ਬੰਦ ਕਰ ਦਿੱਤੀ ਜਾਵੇਗੀ।
ਸ) ਜਿਸ ਪਰਚੇ ਵਿਚ ਉਹ ਨਕਲ ਮਾਰਦਾ ਫੜਿਆ ਜਾਵੇਗਾ, ਉਹ ਪਰਚਾ ਰੱਦ ਕਰ ਦਿੱਤਾ ਜਾਵੇਗਾ।
ਹ) ਚਾਲੂ ਸਾਲ ਵਿੱਚ ਉਹ ਕੋਈ ਵੀ ਇਨਾਮ ਲੈਣ ਦਾ ਹੱਕਦਾਰ ਨਹੀਂ ਹੋਵੇਗਾ।
ਕ) ਉਸ ਸਾਲ ਵਾਸਤੇ ਉਸਦਾ ਨਾਂ ਦੁਰ-ਵਿਵਹਾਰ/ਅਨੁਸ਼ਾਸਨਹੀਣਤਾ ਵਾਲੀ ਸੂਚੀ 'ਤੇ ਚੜ੍ਹ ਜਾਵੇਗਾ ਅਤੇ ਉਸਦਾ ਹਵਾਲਾ ਆਚਰਣ ਸਰਟੀਫਿਕੇਟ (**Character Certificate**) ਵਿੱਚ ਵੀ ਦਿੱਤਾ ਜਾ ਸਕਦਾ ਹੈ।

## ਯੂਨੀਵਰਸਿਟੀ ਸਮੈਸਟਰ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਹੋਣ ਲਈ ਸ਼ਰਤਾਂ

1. ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਘਰੇਲੂ ਪ੍ਰੀਖਿਆ ਵਿਚੋਂ ਐਗਰੀਗੇਟ 25% ਅੰਕ ਜਾਂ ਹਰ ਵਿਸ਼ੇ ਵਿੱਚ 20% ਅੰਕ ਲੈਣੇ ਜ਼ਰੂਰੀ ਹਨ।
2. ਵਿਦਿਆਰਥੀ ਨੂੰ ਹਰ ਵਿਸ਼ੇ ਵਿੱਚ 75% ਹਾਜ਼ਰੀਆਂ ਪੂਰੀਆਂ ਕਰਨੀਆਂ ਜ਼ਰੂਰੀ ਹਨ।
3. ਪ੍ਰੈਕਟੀਕਲ ਦੀਆਂ ਹਾਜ਼ਰੀਆਂ ਦੀ ਗਿਣਤੀ ਵੱਖਰੇ ਤੌਰ 'ਤੇ ਕੀਤੀ ਜਾਂਦੀ ਹੈ। ਉਨ੍ਹਾਂ ਵਿੱਚ ਵੀ 75% ਹਾਜ਼ਰੀਆਂ ਲਾਜ਼ਮੀ ਹਨ।

## ਵਜ਼ੀਫੇ

ਯੂਨੀਵਰਸਿਟੀ ਜਾਂ ਸਰਕਾਰ ਵੱਲੋਂ ਦਿੱਤੇ ਜਾਦੇ ਵਜ਼ੀਫੇ ਕਾਲਜ ਰਾਹੀਂ ਪ੍ਰਾਪਤ ਹੋ ਸਕਦੇ ਹਨ। ਕਾਲਜ ਦੇ ਵਿਦਿਆਰਥੀ ਹੇਠ ਲਿਖੇ ਵਜ਼ੀਫੇ ਪ੍ਰਾਪਤ ਕਰ ਸਕਦੇ ਹਨ—

1. ਨੈਸ਼ਨਲ ਮੈਰਿਟ ਸਕਾਲਰਸ਼ਿਪ
2. ਸਟੇਟ ਮੈਰਿਟ ਸਕਾਲਰਸ਼ਿਪ
3. ਅਨੁਸੂਚਿਤ ਜਾਤੀਆਂ ਲਈ ਵਜ਼ੀਫੇ
4. ਪੱਛੜੀਆਂ ਜਾਤੀਆਂ ਲਈ ਵਜ਼ੀਫੇ
5. ਯੂਨੀਵਰਸਿਟੀ ਮੈਰਿਟ ਸਕਾਲਰਸ਼ਿਪ
6. ਜ਼ਿਲ੍ਹਾ ਸੈਨਿਕ ਬੋਰਡ ਸਕਾਲਰਸ਼ਿਪ
7. ਰਾਸ਼ਟਰੀ ਕਰਜਾ ਸਕੀਮ ਅਧੀਨ ਵਜ਼ੀਫੇ
8. ਵਿਸ਼ਵ ਯੂਨੀਵਰਸਿਟੀ ਸਕਾਲਰਸ਼ਿਪ
9. ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ ਸੀ/ਬੀ ਸੀ।
10. Minority ਸਕਾਲਰਸ਼ਿਪ

11 CM Scholorship

**ਨੋਟ:** ਫੇਲ੍ਹ ਹੋਏ ਵਿਦਿਆਰਥੀ ਨੂੰ ਸਕਾਲਰਸ਼ਿਪ ਲੈਣ ਦਾ ਹੱਕ ਨਹੀਂ ਹੋਵੇਗਾ। ਉਪਰੋਕਤ ਹਰ ਵਜੀਫਾ ਕੇਵਲ **Online** ਹੀ **Apply** ਕੀਤਾ ਜਾਵੇਗਾ। ਵਿਦਿਆਰਥੀ ਵਲੋਂ **Online Form** ਵਿਚ ਵੀ ਕੋਈ ਗਲਤੀ ਨਾ ਕੀਤੀ ਜਾਵੇ, ਕਿਉਂਕਿ ਗਲਤੀ ਦਾ ਸੁਧਾਰ ਨਹੀਂ ਹੋਵੇਗਾ। **Online Apply** ਕਰਨ ਸਮੇਂ ਬੈਂਕ ਅਕਾਉਂਟ, **SC Certificate**, ਆਧਾਰ ਕਾਰਡ ਅਤੇ ਦਾਖ਼ਲਾ ਫਾਰਮ ਵਿਚ ਦਰਸਾਏ ਗਏ ਵਿਦਿਆਰਥੀ ਦਾ ਨਾਂ ਅਤੇ ਪਿਤਾ ਦਾ ਨਾਂ ਸ਼ਬਦ-ਜੋੜ ਇਕੋ ਜਿਹੇ ਹੋਣੇ ਚਾਹੀਦੇ ਹਨ।

ਪੋਸਟ ਮੈਟ੍ਰਿਕ ਸਕਾਲਰਸ਼ਿਪ SC ਸਕੀਮ ਅਧੀਨ SC ਵਿਦਿਆਰਥੀ ਜਿਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ 2.5 ਲੱਖ ਤੋਂ ਘੱਟ ਹੈ, ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਭਲਾਈ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੀ ਫੀਸਾਂ ਅਤੇ ਹੋਰ ਨਾ-ਮੋੜਨਯੋਗ ਫੀਸਾਂ ਦੀ ਛੋਟ ਦਿੱਤੀ ਜਾਵੇਗੀ। ਅਜਿਹੇ SC ਵਿਦਿਆਰਥੀ ਨਿਯਮਾਂ ਅਨੁਸਾਰ ਸਕਾਲਰਸ਼ਿਪ ਵੀ ਪ੍ਰਾਪਤ ਕਰ ਸਕਦੇ ਹਨ। ਸੰਬੰਧਤ ਯੋਗ ਵਿਦਿਆਰਥੀ ਦਾਖ਼ਲੇ ਸਮੇਂ SC ਸਰਟੀਫਿਕੇਟ, ਘੱਟ ਆਮਦਨ ਸਰਟੀਫਿਕੇਟ, ਆਧਾਰ ਕਾਰਡ ਅਤੇ ਬੈਂਕ ਖ਼ਾਤਾ ਪਾਸ ਬੁਕ ਦੀ ਫੋਟੋ ਕਾਪੀ ਆਦਿ ਦਸਤਾਵੇਜ ਜ਼ਰੂਰ ਜਮ੍ਹਾਂ ਕਰਵਾਉਣ। BC ਵਿਦਿਆਰਥੀ ਨੂੰ ਨਿਯਮਾਂ ਅਨੁਸਾਰ ਭਲਾਈ ਵਿਭਾਗ ਵੱਲੋਂ Maintenance ਭੱਤਾ/ਸਕਾਲਰਸ਼ਿਪ ਦਿੱਤਾ ਜਾਵੇਗਾ ਜੇਕਰ ਉਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ 1,00,000 ਰੁਪਏ ਤੋਂ ਘੱਟ ਹੈ।

## ਸਟੂਡੈਂਟ ਏਡ ਫੰਡ

ਕਾਲਜ ਦੇ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਪੁਸਤਕਾਂ ਅਤੇ ਜੋ ਕੋਈ ਹਰ ਮਦਦ ਦੀ ਲੋੜ ਪਵੇ ਤਾਂ ਉਹ ਸਟੂਡੈਂਟ ਏਡ ਫੰਡ ਵਿਚੋਂ ਪ੍ਰਦਾਨ ਕੀਤੀ ਜਾਂਦੀ ਹੈ। ਇਹ ਮਦਦ ਹਾਸਲ ਕਰਨ ਲਈ ਵਿਦਿਆਰਥੀ ਸਾਦੇ ਕਾਗਜ਼ 'ਤੇ ਆਪਣੀ ਅਰਜ਼ੀ ਗਰੁੱਪ ਟਿਊਟਰ ਤੋਂ ਸਿਫਾਰਿਸ਼ ਕਰਵਾ ਕੇ ਦੇ ਸਕਦੇ ਹਨ।

## ਵਿਦਿਆਰਥੀ ਸਭਾ

ਹਰੇਕ ਕਲਾਸ ਵਿੱਚ ਲਾਇਕ ਅਤੇ ਅਗਾਂਹ ਵਧੂ ਨੁਮਾਇੰਦੇ ਅਧਿਆਪਕਾਂ ਰਾਹੀਂ ਨਾਮਜ਼ਦ ਕੀਤੇ ਜਾਣਗੇ ਜਿਨ੍ਹਾਂ ਦੇ ਆਧਾਰ 'ਤੇ ਵਿਦਿਆਰਥੀ ਸਭਾ ਬਣਾਈ ਜਾਵੇਗੀ। ਅਧਿਆਪਕਾਂ ਵੱਲੋਂ ਇਨ੍ਹਾਂ ਵਿਚੋਂ ਇੱਕ ਹੈੱਡ ਬੁਆਏ ਅਤੇ ਇੱਕ ਹੈੱਡ ਗਰਲ ਨਾਮਜ਼ਦ ਕੀਤੇ ਜਾਣਗੇ।

## ਸਰੀਰਕ ਸਿੱਖਿਆ ਅਤੇ ਖੇਡਾਂ

ਸਰੀਰਕ ਸਿੱਖਿਆ ਅਤੇ ਖੇਡਾਂ ਪੜ੍ਹਾਈ ਦਾ ਇਕ ਅਨਿੱਖੜਵਾਂ ਅੰਗ ਹਨ। ਕਾਲਜ ਵਿੱਚ ਇਸ ਲੋੜ ਨੂੰ ਪੂਰਾ ਕਰਨ ਲਈ ਸੁਚੱਜਾ ਪ੍ਰਬੰਧ ਕੀਤਾ ਗਿਆ ਹੈ। ਹਾਕੀ, ਫੁਟਬਾਲ, ਬਾਸਕਟਬਾਲ, ਬੈਡਮਿੰਟਨ, ਵਾਲੀਬਾਲ ਅਤੇ ਕਬੱਡੀ ਲਈ ਖੁਲ੍ਹੇ ਖੇਡ ਮੈਦਾਨ ਮੌਜੂਦ ਹਨ। ਲੜਕੀਆਂ ਲਈ ਵਿਸ਼ੇਸ਼ ਤੌਰ 'ਤੇ ਟੇਬਲ ਟੈਨਿਸ, ਕੈਰਮ ਬੋਰਡ ਅਤੇ ਸ਼ਤਰੰਜ ਦਾ ਵੀ ਇੰਤਜਾਮ ਹੈ। ਕਾਲਜ ਵਿਚ ਇਕ 400 ਮੀਟਰ ਟਰੈਕ ਵਾਲਾ ਖੇਡਾਂ ਦਾ ਮੈਦਾਨ ਹੈ। ਵਿਦਿਆਰਥੀਆਂ ਨੂੰ ਖੇਡਾਂ ਵਿਚ ਭਾਗ ਲੈਣ ਲਈ ਪ੍ਰੇਰਿਆ ਜਾਂਦਾ ਹੈ ਅਤੇ ਚੰਗੇ ਨਾਮਵਰ ਖਿਡਾਰੀਆਂ ਨੂੰ ਫ਼ੀਸ ਵਿੱਚ ਵੀ ਛੋਟ ਦਿੱਤੀ ਜਾਂਦੀ ਹੈ। ਜੇਕਰ ਉਹ ਫ਼ੀਸ ਮੁਆਫ਼ੀ ਦੇ ਪੂਰਵ ਨਿਯਮਾਂ ਹੈ ਪੂਰਾ ਕਰਦੇ ਹੋਣ। ਜੂਡੋ ਅਤੇ ਕੁਸ਼ਤੀ ਦੀ ਕੋਚਿੰਗ ਅਤੇ ਪ੍ਰੈਕਟਿਸ ਲਈ ਕਾਲਜ ਇੰਨਡੋਰ ਸਟੇਡੀਅਮ ਵੀ ਹੈ। ਹਰ ਵਿਦਿਅਕ ਸਾਲ ਦੇ ਅੰਤ ਵਿਚ ਸਾਲਾਨਾ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ। ਲੜਕੇ ਅਤੇ ਲੜਕੀਆਂ ਦੇ ਵੱਖ-ਵੱਖ ਮੁਕਾਬਲਿਆਂ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਖਿਡਾਰੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਦਿੱਤੇ ਜਾਂਦੇ ਹਨ। ਲੜਕੇ ਅਤੇ ਲੜਕੀਆਂ ਵਿਚੋਂ ਅੰਕਾਂ ਦੇ ਆਧਾਰ 'ਤੇ ਬੈਸਟ ਅਥਲੀਟ ਕੱਢੇ ਜਾਂਦੇ ਹਨ ਅਤੇ ਟਰਾਫੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

## ਸਾਲਾਨਾ ਇਨਾਮ - ਵੰਡ ਸਮਾਗਮ

ਐਥਲੈਟਿਕਸ ਤੇ ਸਭਿਆਚਾਰਕ ਮੁਕਾਬਲਿਆਂ ਤੋਂ ਇਲਾਵਾ ਇਨਾਮ-ਵੰਡ ਸਮਾਗਮ ਸਮੇਂ ਵਿਦਿਆਰਥੀਆਂ ਨੂੰ ਘਰੇਲੂ ਪ੍ਰੀਖਿਆਵਾਂ ਦੇ ਨਤੀਜੇ ਦੇ ਅਧਾਰ 'ਤੇ ਵਿਦਿਅਕ ਇਨਾਮ ਵੀ ਦਿੱਤੇ ਜਾਂਦੇ ਹਨ। ਇਹ ਇਨਾਮ-ਵੰਡ ਸਮਾਗਮ ਵਿਦਿਅਕ ਸਾਲ ਦੇ ਅਖ਼ੀਰ 'ਤੇ ਹੁੰਦਾ ਹੈ। ਇਸ ਵਿੱਚ ਵਿਦਿਆਰਥੀਆਂ ਨੂੰ ਨਿਮਨਲਿਖਤ ਦੇ ਅਧਾਰ 'ਤੇ ਇਨਾਮ ਦਿੱਤੇ ਜਾਂਦੇ ਹਨ।

1. ਕੁਲ ਜੋੜ ਅਤੇ ਅੱਡ-ਅੱਡ ਵਿਸ਼ਿਆਂ ਵਿਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਹ ਇਨਾਮ ਦਿੱਤੇ ਜਾਂਦੇ ਹਨ। 10 ਵਿਦਿਆਰਥੀਆਂ ਤੱਕ ਦੀ ਕਲਾਸ ਨੂੰ ਕੇਵਲ ਇਕ 50 ਤੱਕ ਵਿਦਿਆਰਥੀਆਂ ਲਈ ਦੋ ਅਤੇ ਇਸ ਤੋਂ ਵੱਧ ਲਈ ਤਿੰਨ ਇਨਾਮ ਦਿੱਤੇ ਜਾ ਸਕਦੇ ਹਨ।
2. ਸੰਬੰਧਤ ਵਿਸ਼ੇ ਵਿੱਚ 50% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਇਨਾਮ ਲਈ ਨਹੀਂ ਵਿਚਾਰਿਆ ਜਾਵੇਗਾ।
3. ਜੋ ਵਿਦਿਆਰਥੀ ਕਾਲਜ ਦੇ ਇਮਤਿਹਾਨ ਵਿਚ ਕਿਸੇ ਵਿਸ਼ੇ ਜਾਂ ਉਸ ਸ਼੍ਰੇਣੀ ਦੇ ਯੂਨੀਵਰਸਿਟੀ ਇਮਤਿਹਾਨ ਵਿਚ ਫੇਲ੍ਹ ਹੋਇਆ ਹੋਵੇਗਾ, ਤਾਂ ਉਹ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ।
4. ਇਨਾਮ ਪ੍ਰਾਪਤ ਕਰਨ ਦੇ ਹੱਕਦਾਰ ਵਿਦਿਆਰਥੀ ਦਾ ਆਚਰਣ ਅਤੇ ਚਰਿੱਤਰ ਉੱਚੇ ਪੱਧਰ ਦਾ ਹੋਣਾ ਚਾਹੀਦਾ ਹੈ। ਉਸਦਾ ਨਾਂ ਕਾਲਜ ਦੇ ਦੁਰ-ਵਿਵਹਾਰ ਕਰਨ ਵਾਲੇ ਵਿਦਿਆਰਥੀਆਂ ਦੀ ਸੂਚੀ ਵਿੱਚ ਨਹੀਂ ਹੋਣਾ ਚਾਹੀਦਾ।
5. ਜੋ ਵਿਦਿਆਰਥੀ ਪਿਛਲੀ ਯੂਨੀਵਰਸਿਟੀ ਪ੍ਰੀਖਿਆ ਦੀ ਕਿਸੇ ਸ਼੍ਰੇਣੀ ਵਿੱਚ ਕਾਲਜ ਦੇ ਵਿਦਿਆਰਥੀਆਂ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਦਾ ਹੈ, ਉਸਨੂੰ ਇੱਕ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ।
6. ਆਰਟਸ, ਕਾਮਰਸ ਅਤੇ ਕੰਪਿਊਟਰ ਦੇ ਸਰਵੋਤਮ ਵਿਦਿਆਰਥੀਆਂ ਨੂੰ ਸਾਲਾਨਾ ਸਮਾਰੋਹ ਤੇ ਇਨਾਮ ਪ੍ਰਦਾਨ ਕੀਤੇ ਜਾਣਗੇ। ਇਹ ਇਨਾਮ ਉਹ ਵਿਦਿਆਰਥੀ ਪ੍ਰਾਪਤ ਕਰ ਸਕਣਗੇ ਜਿਨ੍ਹਾਂ ਦੀ ਅਕਾਦਮਿਕ, ਸਭਿਆਚਾਰਕ, ਖੇਡਾਂ ਅਤੇ ਅਨੁਸ਼ਾਸਨ ਆਦਿ ਸੰਬੰਧੀ ਕਾਰਗੁਜ਼ਾਰੀ ਬਿਹਤਰ ਹੋਵੇਗੀ।
7. ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿਚ ਆਉਣ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ।
8. ਯੂਨੀਵਰਸਿਟੀ ਮੈਰਿਟ ਦੇ ਪਹਿਲੇ ਦਸ ਸਥਾਨਾਂ ਵਿਚ ਆਉਣ ਵਾਲੇ ਵਿਦਿਆਰਥੀ ਨੂੰ ਤਗਮਾ ਅਤੇ ਸਰਟੀਫਿਕੇਟ ਦਿੱਤਾ ਜਾਵੇਗਾ।
9. ਉਪਰੋਕਤ ਇਨਾਮਾਂ ਸੰਬੰਧੀ ਨਿਯਮਾਂ ਵਿਚ ਕਾਲਜ ਕੌਂਸਲ ਵੱਲੋਂ ਪਾਸ ਕੀਤੇ ਮਤੇ ਰਾਹੀਂ ਤਬਦੀਲੀ ਕੀਤੀ ਜਾ ਸਕਦੀ ਹੈ।

## ਮਾਈਗਰੇਸ਼ਨ ਲਈ ਨਿਯਮ

1. ਆਮ ਤੌਰ 'ਤੇ ਇਸ ਕਾਲਜ ਵਿੱਚ ਮਾਈਗਰੇਸ਼ਨ ਕਰਵਾ ਕੇ ਦਾਖ਼ਲ ਹੋਣ ਦੇ ਚਾਹਵਾਨ ਵਿਦਿਆਰਥੀ ਦੇ ਪਿਛਲੇ ਯੂਨੀਵਰਸਿਟੀ ਇਮਤਿਹਾਨ ਵਿੱਚ ਘੱਟੋ-ਘੱਟ 40% ਅੰਕ ਹੋਣੇ ਚਾਹੀਦੇ ਹਨ।
2. ਜਿਹੜਾ ਵਿਦਿਆਰਥੀ ਕਾਲਜ ਦੀ ਆਪਣੀ ਪੜ੍ਹਾਈ ਦੇ ਸਮੇਂ ਦੌਰਾਨ ਕਿਸੇ ਕਾਲਜ ਵਿੱਚ ਫੇਲ੍ਹ ਹੋਇਆ ਹੋਵੇ, ਇਸ ਕਾਲਜ ਵਿੱਚ ਮਾਈਗਰੇਸ਼ਨ ਕਰਾਉਣ ਦਾ ਹੱਕਦਾਰ ਨਹੀਂ।
3. ਜਿਸ ਵਿਦਿਆਰਥੀ 'ਤੇ ਭੈੜੇ ਆਚਰਣ ਦਾ ਕੋਈ ਦੋਸ਼ ਜਾਂ ਸ਼ੱਕ ਹੋਵੇ ਤਾਂ ਉਸ ਨੂੰ ਕਾਲਜ ਵਿੱਚ ਮਾਈਗਰੇਸ਼ਨ ਕਰਾਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
4. ਜੇ ਅਜਨਾਲਾ ਜਾਂ ਇਸਦੇ 15 ਕਿਲੋਮੀਟਰ ਦੇ ਘੇਰੇ ਵਿਚ ਤਬਦੀਲ ਹੋਏ ਕਿਸੇ ਵੀ ਸਰਕਾਰੀ ਜਾਂ ਅਰਧ-ਸਰਕਾਰੀ ਮੁਲਾਜ਼ਮਾਂ ਦਾ ਬੱਚੇ-ਬੱਚੀ ਪੈਰਾ ਨੰਬਰ 1 ਜਾਂ 2 ਦੀਆਂ ਸ਼ਰਤਾਂ ਨਾ ਵੀ ਪੂਰੀਆਂ ਕਰੇ ਤਾਂ ਵੀ ਉਸਦੇ ਮਾਈਗਰੇਸ਼ਨ ਬਾਰੇ ਵਿਸ਼ੇਸ਼ ਵਿਚਾਰ ਹੋ ਸਕਦਾ ਹੈ ਪਰ ਪੈਰਾ ਨੰਬਰ 3 ਦੀ ਸ਼ਰਤ ਵਿੱਚ ਕਿਸੇ ਵੀ ਕਿਸਮ ਦੀ ਢਿੱਲ ਦੀ ਗੁੰਜਾਇਸ਼ ਨਹੀਂ।
5. ਖੇਡਾਂ, ਐਨ.ਐਸ.ਐਸ. ਸਭਿਆਚਾਰਕ ਜਾਂ ਵਿੱਦਿਅਕ ਖੇਤਰਾਂ ਵਿੱਚ ਮਹਾਨ ਪ੍ਰਾਪਤੀ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਵਿੱਚ ਮਾਈਗਰੇਸ਼ਨ ਦੇਣ ਲਈ ਤੱਦ ਹੀ ਵਿਚਾਰਿਆ ਜਾਵੇਗਾ ਜੇ ਕਿਸੇ ਪਾਸਿਉਂ ਉਨ੍ਹਾਂ ਵਿਰੁੱਧ ਕੋਈ ਸ਼ਿਕਾਇਤ ਨਾ ਹੋਵੇ।
6. ਸਾਰੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਦਾਖ਼ਲੇ ਲਈ ਇਲਾਕੇ ਦੇ ਐਮ.ਐਲ. ਏ., ਪਿੰਡ ਦੇ ਸਰਪੰਚ ਜਾਂ ਕਾਲਜ ਦੇ ਅਧਿਆਪਕ

ਦੁਆਰਾ ਤਸਦੀਕਸ਼ੁਦਾ ਆਚਰਣ ਅਤੇ ਵਿਹਾਰ ਦੀ ਗਰੰਟੀ ਦੇਣ ਵਾਲਾ ਪੱਤਰ ਹੋਣਾ ਵੀ ਸ਼ਾਮਿਲ ਹੈ।

7. ਯੂਨੀਵਰਸਿਟੀ ਇਮਤਿਹਾਨ ਲਈ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਸੰਪੂਰਨ ਜ਼ਿੰਮੇਵਾਰੀ ਬਾਹਰੋਂ ਆਉਣ ਵਾਲੇ ਵਿਦਿਆਰਥੀ ਦੀ ਆਪਣੀ ਹੋਵੇਗੀ।

## ਅਨੁਸ਼ਾਸਨ

1. ਹਰ ਵਿਦਿਆਰਥੀ ਲਈ ਪ੍ਰਾਸਪੈਕਟਸ ਵਿੱਚ ਦੱਸੇ ਨਿਯਮਾਂ ਅਤੇ ਸਮੇਂ-ਸਮੇਂ 'ਤੇ ਪ੍ਰਿੰਸੀਪਲ, ਕਾਲਜ ਕੌਂਸਲ ਅਤੇ ਹੋਰ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ।
2. ਮਰਯਾਦਾ ਭੰਗ ਕਰਨ ਵਾਲੇ ਜਾਂ ਅਯੋਗ ਵਰਤਾਉ ਕਰਨ ਵਾਲੇ ਵਿਦਿਆਰਥੀਆਂ ਨੂੰ ਸਜ਼ਾ ਦੇਣ ਦਾ ਪ੍ਰਿੰਸੀਪਲ ਨੂੰ ਪੂਰਾ ਅਧਿਕਾਰ ਹੈ। ਸਜ਼ਾ ਜੁਰਮਾਨੇ ਦੇ ਰੂਪ ਵਿਚ ਹੋ ਸਕਦੀ ਹੈ ਜਾਂ ਵਿਦਿਆਰਥੀ ਨੂੰ ਕਾਲਜ ਜਾਂ ਯੂਨੀਵਰਸਿਟੀ ਪ੍ਰੀਖਿਆ ਵਿਚੋਂ ਆਰਜ਼ੀ ਜਾਂ ਪੱਕੇ ਤੌਰ 'ਤੇ ਕੱਢਿਆ ਜਾਂ ਕੱਢਵਾਇਆ ਜਾ ਸਕਦਾ ਹੈ।
3. ਅਯੋਗ ਵਰਤਾਉ ਜਾਂ ਮਰਯਾਦਾ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਯੂਨੀਵਰਸਿਟੀ ਪ੍ਰੀਖਿਆ ਪਿੱਛੋਂ ਕਾਲਜ ਵਿੱਚ ਦੁਬਾਰਾ ਦਾਖ਼ਲ ਨਹੀਂ ਕੀਤਾ ਜਾਵੇਗਾ।

## ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਰਾਖਵੀਆਂ ਸੀਟਾਂ ਦਾ ਵੇਰਵਾ

| ਲੜੀ ਨੰ. | ਰਾਖਵੀਂ ਸ਼੍ਰੇਣੀ | ਰਾਖਵਾਂ ਪ੍ਰਤੀਸ਼ਤ | ਕੁੱਲ ਰਾਖਵੀਆਂ ਸੀਟਾਂ | | | |
|---|---|---|---|---|---|---|
| | | | B.A. | B.Com. | BCA | PGDCA |
| 1. | ਅਨੁਸੂਚਿਤ ਜਾਤੀਆਂ | 25% | 40 | 18.75 | 15 | 10 |
| 2. | ਪੱਛੜੀਆਂ ਸ਼੍ਰੇਣੀਆਂ | 10% | 16 | 7.50 | 6 | 4 |
| 3. | ਸਰੀਰਕ ਤੌਰ ਤੇ ਅਪਾਹਜ ਵਿਦਿਆਰਥੀ | 3% | 4.8 | 2.25 | 1.80 | 1.20 |
| 4. | ਖਿਡਾਰੀ | 2% | 3.2 | 1.5 | 1.2 | 0.8 |
| 5. | ਅੱਤਵਾਦ/ਦੰਗਾ ਪੀੜਤਾਂ ਦੇ ਬੱਚੇ | 2% | 3.2 | 1.5 | 1.2 | 0.8 |
| 6. | ਫੌਜੀਆਂ ਦੇ ਬੱਚੇ | 2% | 3.2 | 1.5 | 1.2 | 0.8 |
| 7. | PP, PAP, PHG, PMF ਬੱਚੇ | 2% | 3.2 | 1.5 | 1.2 | 0.8 |
| 8. | ਸੁਤੰਤਰਤਾ ਸੰਗਰਾਮੀਆਂ ਦੇ ਬੱਚੇ ਪੋਤੇ-ਪੋਤਰੀਆਂ, ਦੋਤੇ-ਦੋਤਰੀਆਂ | 1% | 1.6 | 0.75 | 0.6 | 0.4 |
| | **ਕੁੱਲ ਰਾਖਵੀਆਂ ਸੀਟਾਂ** | | 75.2 | 35.25 | 28.2 | 18.8 |
| | **ਕੁੱਲ ਜਨਰਲ ਕੈਟੇਗਰੀ ਸੀਟਾਂ** | | 84.8 | 39.75 | 31.8 | 21.2 |
| | **ਕੁੱਲ ਜੋੜ** | | 160 | 75 | 60 | 40 |

**ਜ਼ਰੂਰੀ ਨੋਟ:**
ਰਾਖਵੀਆਂ ਸ਼੍ਰੇਣੀਆਂ ਦੀਆਂ ਖਾਲੀ ਰਹਿ ਗਈਆਂ ਸੀਟਾਂ ਕਾਲਜ ਕੌਂਸਲ ਵਲੋਂ ਪ੍ਰਵਾਨ ਕੀਤੇ ਗਏ ਮਤੇ ਅਨੁਸਾਰ ਸਾਧਾਰਨ ਸ਼੍ਰੇਣੀ ਵਿਚ ਤਬਦੀਲ ਕੀਤੀਆਂ ਜਾਣਗੀਆਂ।

## ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੇ ਦਾਖਲੇ ਲਈ ਜਾਤੀ ਸਰਟੀਫਿਕੇਟ

ਜ਼ਰੂਰੀ ਦਸਤਾਵੇਜ਼ : 1. 18 ਸਾਲ ਤੋਂ ਉੱਪਰ ਦੇ ਵਿਦਿਆਰਥੀਆਂ ਲਈ ਆਪਣੇ ਨਾਮ ਤੇ ਜਾਤੀ ਸਰਟੀਫਿਕੇਟ (ਤਹਿਸੀਲਦਾਰ ਤੋਂ) 2. ਆਪਣੇ ਨਾਮ ਤੇ ਬੈਂਕ ਖ਼ਾਤਾ 3. ਰੈਜੀਡੈਂਸ ਸਰਟੀਫਿਕੇਟ (ਰਿਹਾਇਸ਼ ਸਰਟੀਫਿਕੇਟ) 4. ਆਮਦਨ ਸਰਟੀਫ਼ਿਕੇਟ (Income Certificate) 5. ਆਧਾਰ ਕਾਰਡ 6. ਫ੍ਰੀਸ਼ਿਪ ਕਾਰਡ 7. ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫਿਕੇਟ 8. ਹਲਫੀਆ ਬਿਆਨ 9. ਚਾਰ ਪਾਸਪੋਰਟ ਸਾਈਜ਼ ਫੋਟੋ 10. ਡਾ. ਅੰਬੇਦਕਰ ਪੋਰਟਲ ਤੇ ਆਨਲਾਈਨ ਅਪਲਾਈ ਕੀਤਾ ਫਾਰਮ 11. ਮਾਤਾ-ਪਿਤਾ ਦਾ ਆਧਾਰ ਕਾਰਡ




1
3
2








1
3
2




















# ਸਰਕਾਰੀ ਕਾਲਜ ਅਜਨਾਲਾ

(M) : 98886-63751, 98786-11986, 98552-22264
84279-89198, 98552-02255, Email : gcajnala@gmail.com
Website: www.gcajnala.in

Price : Rs.70/-